ਅੰਕ ਨੰ : 17

# ਖ਼ਾਲਸਾ ਕਾਲਜ
# ਸੱਜਰਾ ਸਾਹਿਤ



## ਮਈ
## 2024

ਖ਼ਾਲਸਾ ਕਾਲਜ ਸੱਜਰਾ ਸਾਹਿਤ

# ਸੱਜਰਾ ਸਾਹਿਤ ਪੰਜਾਬੀ ਰਸਾਲਾ

## ਮਈ 2024

**ਵੱਲੋਂ :**

**® ਖ਼ਾਲਸਾ ਕਾਲਜ ਅੰਮ੍ਰਿਤਸਰ**

ਪੰਜਾਬੀ ਲਾਇਬ੍ਰੇਰੀ
PUNJABI LIBRARY
www.PunjabiLibrary.com

KHALSA COLLEGE
SAJRA SAHIT

ਖ਼ਾਲਸਾ ਕਾਲਜ ਸੱਜਰਾ ਸਾਹਿਤ

ਪੰਜਾਬੀ ਰਸਾਲਾ ਮਈ 2024

ਵੱਲੋਂ :

ਪੰਜਾਬੀ ਵਿਭਾਗ

ਖ਼ਾਲਸਾ ਕਾਲਜ, ਅੰਮ੍ਰਿਤਸਰ।

ਜੀ. ਟੀ. ਰੋਡ, ਅੰਮ੍ਰਿਤਸਰ, 143002

ਮੋ : +91 9417534823, 9779324826,

8195903361.

ਈ-ਮੇਲ : Khalsacollegesajrasahit@gmail.com

ਇਨਸਟਾਗ੍ਰਾਮ : @Khalsacollegesajrasahit

ਪ੍ਰਕਾਸ਼ਿਤ ਮਿਤੀ : 01 ਮਈ 2024

ਅੰਕ ਨੰ: 17

ਮੁੱਖ ਸੰਪਾਦਕ :

ਪ੍ਰੀਤ ਸਿੰਘ ਭੈਣੀ (ਐੱਮ. ਏ. ਪੰਜਾਬੀ)

ਸੰਪਾਦਕ :

ਸਾਹਿਬਜੀਤ ਸਿੰਘ (ਬੀ. ਏ.)

ਰਣਜੀਤ ਕੌਰ (ਐੱਮ. ਏ. ਪੰਜਾਬੀ)

ਪਵਨਦੀਪ ਕੌਰ (ਐੱਮ. ਏ. ਪੰਜਾਬੀ)

ਪ੍ਰਕਾਸ਼ਕ :

ਖ਼ਾਲਸਾ ਕਾਲਜ ਸੱਜਰਾ ਸਾਹਿਤ

Punjabilibrary.com

ਪ੍ਰੀਤ ਸਿੰਘ ਭੈਣੀ

# ਤਤਕਰਾ


| | | |
|---|---|---|
| 1. | ਮਾਂ ਬੋਲੀ | 06 |
| 2. | ਮੁਹੱਬਤ | 08 |
| 3. | ਮੈਂ ਵੀ ਤੂੰ | 11 |
| 4. | ਬਚਨਾਂ ਦੇ ਬਲੀ | 13 |
| 5. | ਦੁਨੀਆਂ ਏ ਜੋ ਰੰਗ ਬਿਰੰਗੀ | 14 |
| 6. | ਆਪਣੇ ਨਾਮ ਕਰਨਾ ਚਾਹਿਆ | 16 |
| 7. | ਮੁਹੱਬਤ | 18 |
| 8. | ਕੁੜੀ ਦੀ ਜ਼ਿੰਦਗੀ | 20 |
| 9. | ਤੂੰ ਸਿੱਖ ਲੈ | 22 |
| 10. | ਤਾਜ (ਪੇਂਟਿੰਗ) | 23 |
| 11. | ਜੇ ਮਾਂ ਤੂੰ ਜਿਉਂਦੀ ਹੁੰਦੀ | 24 |
| 12. | ਦੱਸ ਕੀ ਕਰਾਂ? | 26 |
| 13. | ਕੁੱਝ ਛੁੱਟ ਰਿਹਾ | 27 |
| 14. | ਪਵਣ ਗੁਰੂ ਮਾਤਾ ਧਰਤ | 28 |
| 15. | ਰਾਧਾ ਕ੍ਰਿਸ਼ਨਾ (ਪੇਂਟਿੰਗ) | 31 |
| 16. | ਸੱਜਣਾ ਦਾ ਪਤਾ ਕੋਈ ਨਾ | 32 |
| 17. | ਸਵਾਲ ਕੀ ਏ | 33 |
| 18. | ਆਪਣੀ ਮਾਂ ਚੰਗੀ ਲੱਗਦੀ | 34 |
| 19. | ਗੱਲਾਂ ਨੇ | 35 |
| 20. | ਝੂਠਾ ਹੋਸੀ | 36 |
| 21. | ਅਖ਼ੀਰ | 37 |
| 22. | ਜਿਸ ਹੱਥਾਂ ਨੇ ਪਾਲਿਆ | 38 |

| | | |
|---|---|---|
| 23. | ਹੁਸਨ | 39 |
| 24. | ਜ਼ਿੰਦਗ਼ੀ ਤੇਰੇ ਨਾਮ ਹੈ | 40 |
| 25. | ਭੋਰਾ ਭੋਰਾ ਮਰਿਆ | 41 |
| 26. | ਚੋਟ ਏ ਲੱਗੇ | 42 |
| 27. | ਏ ਲੂਣਾ ਜਿਆ ਪਾਣੀ | 43 |
| 28. | ਮੁਲਾਕਾਤ | 44 |
| 29. | ਚਾਲਾਂ | 46 |
| 30. | ਨਰਕ ਦਾ ਫੇਰਾ | 47 |
| 31. | ਕੁਦਰਤ | 48 |
| 32. | ਸ਼ਾਮ (ਪੇਂਟਿੰਗ) | 49 |
| 33. | ਆਖ ਉਸ ਮਾਂਹੀ ਨੂੰ | 50 |
| 34. | ਮੇਰੇ ਨਾਲ ਹੋਵੇ | 51 |
| 35. | ਦਿਲ ਦਾ ਬੂਹਾ | 52 |
| 36. | ਲੜ ਨਹੀਂ ਹੋਣਾ | 53 |
| 37. | ਕਰਾਮਾਤ ਚੰਗੀ ਲਗਦੀ | 54 |
| 38. | ਪੱਥਰ ਦਿਲ ਦੇ | 56 |
| 39. | ਆਜਾ ਵਾਪਿਸ | 57 |
| 40. | ਗੱਲ ਤਾਂ ਦੱਸ | 58 |
| 41. | ਮਾਂ | 60 |
| 42. | ਸਾਇਆ (ਕਹਾਣੀ) | 61 |
| 43. | ਸਿਖ਼ਰ ਦੁਪਹਿਰ ਦੇ ਵਰਗਾ | 66 |
| 44. | ਕੁਦਰਤ ਕੌਰ | 69 |
| 45. | ਉਮੀਦ ਨਹੀਂ, ਭਾਗ ਦੂਜਾ (ਕਹਾਣੀ) | 71 |

# ਮਾਂ ਬੋਲੀ

ਅੱਜ ਵੇਖ ਕੇ ਹਾਲ ਪੰਜਾਬ ਦਾ

ਸੀਨੇ ਉੱਠੀ ਚੀਸ

ਮੈਂ ਮਾਂ ਬੋਲੀ ਗਲ਼ ਲੱਗ ਕੇ

ਅੱਜ ਰੋਇਆ ਰੀਸੋ ਰੀਸ

ਮੈਂ ਕਾਤਲ ਦੇਸ਼ ਪੰਜਾਬ ਦਾ

ਮੇਰਾ ਵੱਢੋ ਆ ਕੇ ਸੀਸ

ਕੇ ਮਾਂ ਬੋਲੀ ਮੈਨੂੰ ਵਿਸਰੇ

ਮੇਰੀ ਵੱਢੀ ਜਾਵੇ ਜੀਭ

ਏਥੇ ਬੇਲੇ ਹੋ ਗਏ ਸੁੰਨੜੇ

ਤੇ ਵੰਡੇ ਪੰਜ ਦਰਿਆ

ਕੁਝ ਬੇ ਅਕਲਾਂ ਨੇ ਆਣ ਕੇ

ਵਿਚ ਦਿੱਤਾ ਜ਼ਹਿਰ ਮਿਲਾ

ਕੋਈ ਫੂਕੋ ਮੰਤਰ ਏਸ 'ਤੇ

ਇਹਨੂੰ ਕੇਹੀ ਲੱਗੀ ਹਾਅ

ਮੈਨੂੰ ਬੁੱਕਲ ਵਿਚ ਲਪੇਟ ਕੇ

ਬੜਾ ਰੋਈ ਬੋਲੀ ਮਾਂ

ਏਹ ਜੰਮੇ ਦੇਸ਼ ਪੰਜਾਬ ਦੇ

ਤੁਰ ਪਏ ਕਿਹੜੇ ਰਾਹ

ਇਹਨਾਂ ਖੁਦ ਨੂੰ ਆਪ ਉਜਾੜ ਕੇ

ਲਿਆ ਮਾਂ ਬੋਲੀ ਦਾ ਨਾਂਅ

ਇਹ ਸ਼ੇਖ ਫਰੀਦ ਦੇ ਬੱਚੜੀ

ਸਾਡੀ ਬੁੱਢੜ ਠੇਰੀ ਮਾਂ

ਇਹਨੂੰ ਵਾਪਸ ਘਰ ਨੂੰ ਮੋੜ ਲਉ

ਇਹ ਭੁੱਲੀ ਫਿਰਦੀ ਰਾਹ

ਆ ਵਾਰਿਸ, ਸ਼ਾਹ ਹੁਸੈਨ ਵੇ

ਉੱਠ ਕਬਰਾਂ ਵਿਚੋਂ ਬੋਲ

ਅੱਜ ਮਾਂ ਬੋਲੀ ਨੂੰ ਫੇਰ ਤੋਂ

ਗੁਰ ਨਾਨਕ ਤੇਰੀ ਲੋੜ

ਕੋਈ ਐਸਾ ਮੰਤਰ ਮਾਰ ਦੇ

ਸਭ ਨਿਕਲੇ ਦਿਲ ਦੀ ਕੋੜ

ਸਾਡੀ ਸੁਰਤ ਨਿਮਾਂਣੀ ਪਿਆਰਿਆ

ਮਾਂ ਬੋਲੀ ਨਾਲ ਜੋੜ



ਗੁਰਜਿੰਦਰ ਸ਼ਾਹ

ਐੱਮ. ਏ. ਪੰਜਾਬੀ

# ਮੁਹੱਬਤ

ਮੇਰੇ ਗੀਤਾਂ, ਮੇਰੇ ਬੋਲਾਂ ਦੀ ਅਜ਼ਮਤ,
ਖ਼ੁਸ ਗਈ ਹੈ, ਕਿਧਰੇ ਇਹ ਰਹਿਮਤ?
ਜਿਸ ਦੇ ਗਲ਼ ਲੱਗ ਕੇ, ਸੀ ਕਦੇ ਲੱਭੀ,
ਵਿਛੜੇ ਤਾਂ ਖੋ੍ਹ ਗਈ, ਕਿਧਰੇ ਮੁਹੱਬਤ?

ਤੇ ਉੱਜੜੇ ਨੇ ਹੁਣ ਇਹ, ਬਾਗ਼ ਗੁਲਜ਼ਾਰਾਂ,
ਸੱਜਣ ਲੁੱਟ ਲੈ ਗਿਐ, ਮੇਰੀਆਂ ਬਹਾਰਾਂ।
ਤੇਰੇ ਨੈਣਾਂ ਨੇ ਹੀ ਤਾਂ, ਇਹ ਗੰਢੀ ਪ੍ਰੀਤੀ,
ਤੇਰੇ ਵਾਲ਼ਾ ਦੀ ਛਾਂਵੇਂ, ਇਬਾਦਤ ਮੈਂ ਕੀਤੀ।
ਮੈਂ ਅਪਨੇ ਸਾਹਾਂ ਵੱਟੇ, ਤੇਰੀ ਖ਼ੁਸ਼ੀ ਖ਼ਰੀਦੀ,
ਤੇ ਮੁਬਾਰਕ ਅਸਾਨੂੰ, ਹੰਝੂਆਂ ਦੀ ਸੋਹਬਤ।
ਜਿਸ ਦੇ ਗਲ਼ ਲੱਗ ਕੇ, ਸੀ ਕਦੇ ਲੱਭੀ,
ਵਿਛੜੇ ਤਾਂ ਖੋ੍ਹ ਗਈ, ਕਿਧਰੇ ਮੁਹੱਬਤ?

ਮੇਰੇ ਜਾਗੇ ਸੀ ਖ਼ਯਾਲ, ਤੇਰੇ ਨੂਰ ਦੇ ਥੱਲੇ,
ਉਹ ਵੀ ਪੁੱਛਦੇ ਨੇ ਹਾਲ, ਜੋ ਰਾਹਾਂ 'ਤੇ ਚੱਲੇ।
ਜੀ ਸਾਡੇ ਤਾਂ ਨੇ ਕਿਸਮਤ, ਤਕਦੀਰਾਂ 'ਤੇ ਰੋਸੇ,

ਤੇ ਰਾਂਝੇ ਮਰਦੇ ਨੇ ਆਖ਼ਰ, ਰਹਿ ਹੀਰਾਂ ਭਰੋਸੇ।

ਮੈਂ ਸ਼ਬਦਾਂ ਦੀ ਅਮੀਰੀ, ਤੇਰੇ ਹਜ਼ੂਰੇ ਐ ਰੱਖੀ,

ਮੈਂ ਉਜੜੇ ਜਜ਼ਬੇ ਦੀ, ਸਾਂਭੀ ਹੈ ਗ਼ੁਰਬਤ।

ਜਿਸ ਦੇ ਗਲ਼ ਲੱਗ ਕੇ, ਸੀ ਕਦੇ ਲੱਭੀ,

ਵਿਛੜੇ ਤਾਂ ਖ਼ੋ ਗਈ, ਕਿਧਰੇ ਮੁਹੱਬਤ?

ਕਿ ਕਿੰਝ ਲਿਖੀਏ ਪਿਆਰ, ਏਤਬਾਰ ਦੀ ਗੱਲ?

ਯਾਰ ਦੇ ਵਾਅਦੇ, ਸਮਝੌਤੇ ਤੇ ਇਕਰਾਰ ਦੀ ਗੱਲ।

ਇੱਕ ਸਫ਼ਰ ਉੱਤੇ ਨਿਕਲੇ, ਇੱਕੋ ਰਾਹ ਦੇ ਰਾਹੀ,

ਤੂੰ ਹੱਥ ਛੱਡ ਤੁਰਿਆ, ਆਈ ਮੇਰੇ ਪੱਲੇ ਤਬਾਹੀ।

ਹੁਣ ਤਾਂ ਰੂਹ ਮੇਰੀ ਕਿਤੇ ਕਬਰੀਂ ਜਾ ਸੁੱਤੀ,

ਮਾਂਣਾ ਮੈਂ ਸ਼ੋਰਾਂ 'ਚ ਚੁੱਪਾਂ ਦੀ ਕ਼ੁਰਬਤ।

ਜਿਸ ਦੇ ਗਲ਼ ਲੱਗ ਕੇ, ਸੀ ਕਦੇ ਲੱਭੀ,

ਵਿਛੜੇ ਤਾਂ ਖ਼ੋ ਗਈ,ਕਿਧਰੇ ਮੁਹੱਬਤ?

ਤੇਰੇ ਵਿਛੋੜੇ ਦੇ ਦਰਦਾਂ, ਕਰ ਤੇ ਨੇ ਝੱਲੇ,

ਦੁੱਖਾਂ 'ਚ 'ਕੱਲੇ, ਪੀੜਾਂ ਸ਼ਾਯਰਾਂ ਦੇ ਪੱਲੇ।

ਕਿਧਰੇ ਖੜ੍ਹਕੇ ਤਾਂ ਵੇਖੀ, ਮਹਿਬੂਬਾ ਮੇਰੀ ਥਾਂਵੇਂ,

ਕਿ ਸ਼ਾਯਦ ਹੋਏਂ ਸ਼ਰਮਿੰਦਾ, ਖ਼ੁਦ ਦੇ ਤੂੰ ਸਾਹਵੇਂ।

ਤੇਰੇ ਹੱਥੋਂ ਨੇ ਖੋਹ ਪੀਤੇ, ਜ਼ਹਿਰ ਪਿਆਲੇ,

ਹੱਥੀਂ ਪਿਆਏ, ਅਪਨੇ ਹਿੱਸੇ ਦੇ ਸ਼ਰਬਤ।

ਜਿਸ ਦੇ ਗਲ਼ ਲੱਗ ਕੇ, ਸੀ ਕਦੇ ਲੱਭੀ,

ਵਿਛੜੇ ਤਾਂ ਖੋ੍ ਗਈ, ਕਿਧਰੇ ਮੁਹੱਬਤ?

'ਸਾਹਿਬ' ਵੇ ਇੱਕ ਦਿਨ, ਹੋ ਜਾਏਂਗਾ ਉਹਦਾ,

ਮੁਕੰਮਲ ਪਿਆਰ ਲਾਜ਼ਮ, ਪਾਏਂਗਾ ਉਹਦਾ।

ਇਹ ਗੀਤ, ਨਜ਼ਮਾਂ, ਗ਼ਜ਼ਲਾਂ, ਬਹਿਰਾਂ, ਤਰਨੰਮ,

ਇਹਨਾਂ 'ਚੋਂ ਲੱਭੀ, ਤੇਰਾ ਵੱਸਿਆ ਜੋ ਮਹਿਰਮ।

ਤੂੰ ਆਸ਼ਕ ਜੇ ਸੱਚੜਾ, ਸ਼ਿੱਦਤਾਂ ਨਾ' ਨਿਭਾਈ,

ਪਾਰ ਕਰੀਂ ਸਾਗਰ, ਚੀਰ ਦੇਈਂ ਪਰਬਤ।

ਜਿਸ ਦੇ ਗਲ਼ ਲੱਗ ਕੇ, ਸੀ ਕਦੇ ਲੱਭੀ,

ਵਿਛੜੇ ਤਾਂ ਖੋ੍ ਗਈ, ਕਿਧਰੇ ਮੁਹੱਬਤ?

**ਸਾਹਿਬਜੀਤ ਸਿੰਘ**

**ਬੀ. ਏ. ਤੀਜਾ ਸਾਲ**



# ਮੈਂ ਵੀ ਤੂੰ

ੴ, ਮਨ ਦਾ ਦੀਪਕ, ਧੁਰ ਦੀ ਬਾਂਗ, ਸ਼ਬਦ ਤੇ ਸਲੋਕ,
ਤੇਰੇ 'ਚੋਂ ਦੇਖਾਂ ਰਾਮ, ਕ੍ਰਿਸ਼ਨ, ਅੱਲ੍ਹਾ, ਵਾਹਿਗੁਰੂ, ਤ੍ਰਿਲੋਕ॥

ਮੁਹੱਬਤ, ਦਇਆ, ਸਕੂਨ, ਧਰਮ, ਕ੍ਰਮ ਸਭ ਤੁਧ ਵਿਚ ਨੇ,
ਤੂੰ ਅਕਾਲ, ਤੂੰ ਅਮੂਰਤ, ਤੂੰ ਮੁਹੱਬਤ ਦੀ ਦੇਵੀ, ਮੇਰਾ ਲੋਕ॥

ਹਿਮਾਲਿਆ, ਗੰਗਾ, ਮਾਨਸਰੋਵਰ, ਪੰਜ ਆਬ ਤੇਰੇ 'ਚੋਂ ਉਪਜੇ,
ਤੂੰ ਕਲੀ, ਤੂੰ ਫੁੱਲ, ਤੂੰ ਬ੍ਰਹਿਮੰਡ ਦਾ ਆਰੰਭ, ਤੂੰ ਅਨੰਤ ਦੀ ਨੋਕ॥

ਤੇਰੀ ਬਿੰਦੀ ਸੂਰਜ, ਝੁਮਕੇ ਤਾਰੇ, ਘੜੀ 'ਚ ਸਮਾਂ ਕੂਚ ਕਰੇ,
ਤੇਰੇ ਵਾਲਾਂ 'ਚ ਰਾਤ, ਨੈਣਾਂ 'ਚ ਸਾਗਰ, ਤੇਰੇ ਕੰਗਣ 'ਚ ਅਸ਼ੋਕ॥

ਕੋਈ ਨਵੀਂ ਕਿਲਕਾਰੀ, ਅਤਿ ਪਿਆਰੀ, ਤੇਰੀ ਰਹਿਮਤ ਏ,
ਇਹ ਦਾਨ, ਇਹ ਪੁੰਨ, ਇਹ ਬਖਸ਼ਿਸ਼, ਸਭ ਤੇਰੀ ਹੀ ਝੋਕ॥

ਵਿਸੇ, ਚਸੇ, ਘੜੀਆਂ, ਪਹਿਰ, ਥਿਤਾਂ, ਮਹੀਨੇ, ਸਾਲ ਤੇਰੇ ਹੀ ਨੇ,

ਇਹ ਗਰਮੀ, ਬਸੰਤ, ਪਤਝੜ, ਜਾੜਾ, ਸੀਤ, ਵਰਖਾ ਤੇਰੀ ਹੋਕ॥

ਬ੍ਰਹਮ ਦਾ ਗਿਆਨ, ਤੀਰਥ ਇਸ਼ਨਾਨ, ਤੇਰੇ ਚਰਨਾਂ ਦੀ ਧੂੜ,

ਇਹ ਵੇਦ, ਸ਼ਾਸ਼ਤਰ, ਸਿਮਰਤੀਆਂ, ਪੁਰਾਨ ਸਭ ਤੇਰੀ ਹੀ ਠੇਕ॥

ਤੂੰ ਪ੍ਰੀਤਮ, ਤੂੰ ਮਨਦੀਪ, ਤੂੰ ਕੌਰ ਮੁਹੱਬਤ ਸਭ ਤੂੰ ਹੀ ਤੂੰ ਹੈ,

ਤੂੰ ਵੀ ਮੈਂ, ਮੈਂ ਵੀ ਤੂੰ, ਤੂੰ ਕੁਝ ਵੀ ਨਹੀਂ, ਤੂੰ ਸਭ ਲੋਕ-ਪਰਲੋਕ॥

**ਪ੍ਰੀਤ ਸਿੰਘ ਭੈਣੀ**

**ਐੱਮ. ਏ. ਪੰਜਾਬੀ.**

**ਦੂਜਾ ਸਾਲ**



# ਬਚਨਾਂ ਦੇ ਬਲੀ

ਸੂਲੀ 'ਤੇ ਗਾਉਂਦੇ ਢੋਲੇ, ਜਿਹੜੇ ਨੇ ਚਾਹਵਾਂ ਦੇ
ਔਖੇ ਤੇ ਲੰਮੜੇ ਪੈਂਡੇ, ਸੱਜਣਾ ਇਸ ਰਾਹਵਾਂ ਦੇ
ਕੋਈ ਨਾ ਸਾਥ ਨਿਭਾਵੇ, ਝੂਠੇ ਸਭ ਦਾਅਵਾ ਨੇ
ਮਤਲਬ ਦੇ ਲੋਕੀਂ ਇਥੇ ਗੱਲਾਂ ਨਾਲ ਭਾਉਂਦੇ ਨੇ
ਬਚਨਾਂ ਦੇ ਬਲੀ ਸੂਰਮੇ ਤੋੜ ਚੜਾਉਂਦੇ ਨੇ
ਬਚਨਾਂ ਦੇ ਮਰਦ ਸੂਰਮੇ..

ਬਿਜਲੀ ਜਿਹੇ ਬੋਲ ਜਿੰਨ੍ਹਾਂ ਦੇ ਜੀਣਾ ਏ ਅਣਖਾਂ ਦਾ
ਅੱਖਾਂ ਵਿਚ ਸ਼ਮਾਂ ਹੈ ਬਲਦੀ ਜੋਸ਼ ਹੈ ਮੜਕਾਂ ਦਾ
ਚੀਰਦੇ ਜਾਂਦੇ ਪਰਬਤ ਡਰ ਨਾ ਕੋਈ ਅਟਕਾਂ ਦਾ
ਮਿੱਠੇ ਪਰ ਸ਼ਹਿਦ ਦੇ ਵਰਗੇ ਪਿਆਰ ਵਰਸਾਉਂਦੇ ਨੇ
ਬਚਨਾਂ ਦੇ ਬਲੀ ਸੂਰਮੇ ਤੋੜ ਚੜਾਉਂਦੇ ਨੇ
ਬਚਨਾਂ ਦੇ ਮਰਦ ਸੂਰਮੇ..

ਸਹਿਬਾਜਦੀਪ ਸਿੰਘ ਗੁਲਸ਼ਨ
ਐੱਮ. ਏ. ਪੰਜਾਬੀ ਦੂਜਾ ਸਾਲ



# ਦੁਨੀਆਂ ਏ ਜੋ ਰੰਗ ਬਿਰੰਗੀ

ਦੁਨੀਆਂ ਏ ਜੋ ਰੰਗ ਬਿਰੰਗੀ,

ਕੁਝ ਏ ਮਾੜੀ ਕੁਝ ਏ ਚੰਗੀ।

ਇੱਕ ਦੂਜੇ ਨੂੰ ਪਿੱਛੇ ਸੁੱਟਣਾ,

ਸਭ ਨੇ ਏਹੋ ਖੁਆਇਸ਼ ਮੰਗੀ।

ਘਰ ਤਾਂ ਭਾਵੇਂ ਵੱਡੇ ਪਾ ਲਏ ,

ਪਰ ਜਗ੍ਹਾ ਦਿਲਾਂ ਦੀ ਤੰਗੀ।

ਖੁਸ਼ੀਆਂ ਵੇਲੇ ਮੇਲੇ ਲੱਗਣ,

ਦੁਖ ਵੇਲੇ ਨਾ ਕੋਈ ਸੰਗੀ।

ਗੁਆਂਢੀ ਮੈਥੋਂ ਅੱਗੇ ਲੰਘ ਗਿਆ,

ਮੇਰੀ ਜਿੰਦ ਸੂਲੀ 'ਤੇ ਟੰਗੀ।

ਜਿੱਦਾਂ ਸਾਡੇ ਆਪਣਿਆਂ ਕੀਤੀ,

ਓਦਾਂ ਤੇ ਨਾ ਕਰਨ ਫਿਰੰਗੀ।

ਪੱਲੇ ਧੇਲਾ ਤਾਂ ਬੁਕਲਾਂ ਦੇ ਵਿਚ,

ਫਿਰਿਆ ਸਮਾਂ ਤਾਂ ਕੋਲੋਂ ਲੰਘੀ।

**ਸਤਨਾਮ ਸਿੰਘ ਵੇਰਕਾ**

**ਬੀ. ਏ. ਤੀਜਾ ਸਾਲ**



# ਆਪਣੇ ਨਾਮ ਕਰਨਾ ਚਾਹਿਆ

ਉਹਨੇ ਮੈਨੂੰ ਪੂਰੀ ਨੂੰ ਅਪਨਾਉਣਾ ਚਾਹਿਆ,

ਤੇ ਆਪਣੇ ਨਾਮ ਕਰਨਾ ਚਾਹਿਆ

ਮੇਰੇ ਮਨ 'ਚ ਭੱਜਦੇ ਖ਼ਿਆਲਾਂ ਨੂੰ,

ਗੁੱਸੇ 'ਚ ਉੱਠਦੇ ਭੂਚਾਲਾਂ ਨੂੰ,

ਤੇ ਚਿਰਾਂ ਤੋਂ ਬੰਦ ਪਏ ਸਵਾਲਾਂ ਨੂੰ

ਉਹ ਚਾਹੁੰਦਾ ਸੀ ਮੇਰੇ ਦਿਲ ਦੇ

ਜਜ਼ਬਾਤ ਉਹਦੇ ਹੋ ਜਾਣ,

ਜੋ ਕਦੇ ਨਹੀਂ ਖੋਲ੍ਹੇ

ਉਹ ਰਾਜ਼ ਉਹਦੇ ਹੋ ਜਾਣ,

ਮੇਰੀ ਆਤਮਾਂ ਦੇ ਅੰਤਿਮ ਸੰਸਕਾਰ 'ਚ

ਭੇਟ ਹੋਏ ਸੌਗਾਤ ਉਹਦੇ ਹੋ ਜਾਣ

ਬੜੀ ਕੋਸ਼ਿਸ਼ ਕੀਤੀ ਉਸ

ਮੇਰੇ ਦਿਲ ਦੀ ਪੜ੍ਹਨੇ ਦੀ,

ਮੇਰੀ ਹਰ ਪੀੜਾ ਜਰਨੇ ਦੀ,

ਮੇਰੇ ਦੁੱਖਾਂ ਨੂੰ ਹਰਨੇ ਦੀ,

ਬੜੀ ਕੋਸ਼ਿਸ਼ ਕੀਤੀ ਸੀ ਉਸ

ਮੈਨੂੰ ਆਪਣਾ ਕਰਨੇ ਦੀ

ਉਹਦੇ ਤੋਂ ਬਚਾਵਣ ਲਈ ਮੈਂ ਹਿਰਦੇ ਨੂੰ

ਹਿਮਾਲਿਆ ਪਰਬਤ ਨਾਲ ਢੱਕਿਆ,

ਸੂਹ ਲੱਗਣ ਦੇ ਡਰ ਤੋਂ ਮੈਂ

ਕੌੜੀਆਂ ਖੁਸ਼ੀਆਂ ਦਾ ਆਸਰਾ ਤੱਕਿਆ,

ਕੋਸ਼ਿਸ਼ ਤਾਂ ਉਸ ਪੂਰੀ ਕੀਤੀ ਸੀ ਪਰ

ਮੈਂ ਆਪਣੇ ਆਪੇ ਨੂੰ ਆਪਣਾ ਈ ਰੱਖਿਆ

**ਦਲਜੀਤ ਕੌਰ**

**ਬੀ. ਏ. ਪਹਿਲਾ ਸਾਲ**



# ਮੁਹੱਬਤ

ਮੁਹੱਬਤ ਖ਼ੁਦਾ ਦਾ ਦੂਜਾ ਨਾਮ

ਪਰ ਅੱਜ ਦੇ ਸਮੇਂ ਵਿਚ

ਲੋਕਾਂ ਨੇ ਕਰ ਦਿੱਤਾ ਇਹਨੂੰ ਬਦਨਾਮ,

ਲੋਕ ਰੂਹ ਦੀ ਥਾਂ ਜਿਸਮਾਂ ਦੇ ਭੁੱਖੇ ਰਹਿ ਗਏ ਨੇ

ਮੁਹੱਬਤ ਨੂੰ ਤਾਂ ਉਹ ਧੋਖੇ ਦਾ ਨਾਂ ਦੇ ਗਏ ਨੇ।

ਪਰ ਸੱਚ ਦੱਸਾਂ! ਹੁਣ ਪਹਿਲਾਂ ਵਰਗੀ

ਮੁਹੱਬਤ, ਮੁਹੱਬਤ ਨਹੀਂ ਰਹੀ

ਜਿੱਦਾਂ ਸਿਆਲਾਂ ਵਾਲੀ ਹੀਰ

ਨਾਲ ਰਾਂਝੇ ਨੂੰ ਹੋ ਗਈ ਸੀ

ਪਰ ਅੱਜ ਕੱਲ੍ਹ ਦੇ ਲੋਕ

ਯਾਰ ਬਦਲਦੇ ਰਹਿ ਗਏ ਨੇ

ਸ਼ਾਇਦ ਏਸੇ ਕਰਕੇ ਉਹ ਸੱਚੇ ਰੱਬ ਨੂੰ

ਅਪਣੇ ਤੋਂ ਦੂਰ ਲੈ ਗਏ ਨੇ।

ਪਰ ਜੋ ਸ਼ਿੱਦਤ ਨਾਲ ਮੁਹੱਬਤ ਨੂੰ ਕਰਦੇ

ਉਹ ਮੁਹੱਬਤ ਨੂੰ ਕਦੇ ਵੀ ਨਹੀਂ ਹਰਦੇ

ਉਹਨਾਂ ਦੇ ਦੋ ਜਿਸਮ ਇੱਕ ਰੂਹ ਹੁੰਦੀ

ਇੱਕ ਦੇ ਹੋ ਕੇ ਰਹਿਣ ਨਾਲ ਹੀ

ਰੱਬ ਦੀ ਦਰਗਾਹ' ਤੇ ਮੁਹੱਬਤ ਵੀ ਕਬੂਲ ਹੁੰਦੀ।

ਮੁਹੱਬਤ ਏਸੇ ਕਰਕੇ ਸਿਰੇ ਚੜ੍ਹਦੀ

ਕਿਉਂਕਿ ਏਹ ਖ਼ੁਦਾ ਦਾ ਦੂਜਾ ਨਾਮ ਏ

ਏਸ ਨੂੰ ਪਾਰ ਲਾਉਣਾ

ਉਸ ਖ਼ੁਦਾ ਦਾ ਮੁਕਾਮ ਏ

ਜਿਸ ਇਨਸਾਨ' ਤੇ ਖ਼ੁਦਾ ਦੀ ਮਿਹਰ ਹੁੰਦੀ ਏ

ਮਿਲਦਾ ਸਿਰਫ਼ ਓਸੇ ਨੂੰ ਹੀ

ਮੁਹੱਬਤ ਦਾ ਵਰਦਾਨ ਏ।

**ਮਨੀਸ਼ਾ ਰਾਣੀ**

**ਬੀ. ਏ. ਤੀਜਾ ਸਾਲ**



# ਕੁੜੀ ਦੀ ਜ਼ਿੰਦਗੀ

ਕੈਸੀ ਹੈ ਇਹ ਕੁੜੀ ਦੀ ਜ਼ਿੰਦਗੀ? ਜੰਮਦੀ ਹੀ ਆਪਣੇ ਨਾਲ ਕਈ ਜ਼ਿੰਮੇਵਾਰੀਆਂ ਲੈ ਆਉਂਦੀ ਹੈ। ਬਚਪਨ ਤੋਂ ਹੀ ਓਹ ਖ਼ੁਦ ਦੀਆਂ ਖ਼ੁਵਾਹਿਸ਼ਾਂ ਨੂੰ ਭੁੱਲ ਪਰਿਵਾਰ ਦਾ ਸੋਚਣ ਲੱਗ ਜਾਂਦੀ ਹੈ। ਮਾਂ ਬਾਪ ਦੀ ਬੜੀ ਹੀ ਲਾਡਲੀ ਹੁੰਦੀ ਹੈ ਧੀ। ਇਸ ਲਾਡ ਕਰਕੇ ਧੀ ਆਪਣੇ ਸੁਪਨਿਆਂ ਨੂੰ ਪਾਸੇ ਰੱਖ ਮਾਂ ਬਾਪ ਦਾ ਸੋਚਣ ਲੱਗ ਜਾਂਦੀ ਹੈ। ਕੁੜੀ ਆਪਣੀ ਜ਼ਿੰਦਗੀ ਖੁੱਲ੍ਹ ਕੇ ਜਿਉਣਾ ਚਾਹੁੰਦੀ ਹੈ, ਆਜ਼ਾਦ ਪੰਛੀ ਦੀ ਉੱਡਣਾ ਚਾਹੁੰਦੀ ਹੈ, ਪਰ ਇਹ ਜ਼ਿੰਮੇਵਾਰੀਆਂ ਦਾ ਭਾਰ ਉਸਦੇ ਚਾਵਾਂ ਨੂੰ ਦੱਬ ਦਿੰਦੇ ਹਨ। ਵੱਡੀ ਹੋ ਕੇ ਆਪਣੀ ਪਸੰਦ ਦੀ ਪੜ੍ਹਾਈ ਕਰ ਕੁੱਝ ਬਣਨ ਦਾ ਸੋਚ ਦੀਆਂ ਹਨ ਪਰ ਲਾਡਲੀ ਹੋਣ ਕਾਰਨ ਖ਼ੁਦ ਦੇ ਸੁਪਨਿਆਂ ਨੂੰ ਭੁੱਲ ਮਾਂ ਬਾਪ ਨੂੰ ਖੁਸ਼ ਕਰਨ ਲੱਗ ਜਾਂਦੀ ਹੈ।

ਇਹ ਲਾਡਲਾ ਸ਼ਬਦ ਉਸ ਕੋਲ਼ੋਂ ਕੀ ਦਾ ਕੀ ਕਰਵਾ ਦਿੰਦਾ ਹੈ ਇਸ ਨੂੰ ਕੋਈ ਨਹੀਂ ਸਮਝ ਸਕਦਾ। ਉਹ ਆਪਣਾ ਬਚਪਨ, ਜਵਾਨੀ ਸਭ ਮਾਂ ਬਾਪ ਦੇ ਚਾਵਾਂ ਨੂੰ ਪੂਰੇ ਕਰਨ 'ਚ ਲਗਾ ਦਿੰਦੀ ਹੈ। ਜਦ ਸਮਾਂ ਆਉਂਦਾ ਹੈ ਜੀਵਨ ਸਾਥੀ ਨੂੰ ਚੁਣਨ ਦਾ ਤਾਂ ਉਸ ਵੇਲੇ ਵੀ ਬਾਬਲ ਦੀ ਇੱਜ਼ਤ ਰੱਖਣ ਲਈ ਖ਼ੁਦ ਦੀਆਂ ਇਛਾਵਾਂ ਨੂੰ ਮਾਰ ਦਿੰਦੀ ਹੈ ਅਤੇ ਬਾਪ ਅਨੁਸਾਰ ਚੁਣੇ ਜੀਵਨ ਸਾਥੀ ਨਾਲ ਜ਼ਿੰਦਗੀ ਸ਼ੁਰੂ ਕਰ ਲੈਂਦੀ ਹੈ। ਲਾਡਲੀ ਧੀ ਸਭ ਨੂੰ ਖੁਸ਼ ਰਖਦੀ ਹੋਈ ਖ਼ੁਦ ਨੂੰ ਅੰਦਰੋਂ ਅੰਦਰੀਂ ਖ਼ਤਮ ਕਰ ਲੈਂਦੀ ਹੈ। ਕਿਹਾ ਜਾਂਦਾ ਹੈ ਕਿ ਵਿਆਹ ਦੇ ਬਾਅਦ ਇੱਕ ਨਵੀਂ ਸ਼ੁਰੂਆਤ ਹੁੰਦੀ ਹੈ ਪਰ ਕੀ ਇਹ ਸੱਚ ਹੈ? ਇਹ ਗੱਲ ਸੱਚ ਹੈ ਵੀ ਤੇ ਨਹੀਂ ਵੀ।

ਵਿਆਹ ਤੋਂ ਬਾਅਦ ਇਕ ਕੁੜੀ ਸਿਆਣੀ ਔਰਤ ਬਣ ਜਾਂਦੀ ਹੈ, ਮਾਂ ਬਾਪ ਦੀ ਲਾਡਲੀ ਇਸ ਨਵੇਂ ਪਰਿਵਾਰ ਨੂੰ ਖੁਸ਼ ਕਰਨ 'ਚ ਰੁੱਝ ਜਾਂਦੀ ਹੈ। ਉਸਨੂੰ ਸਾਰੇ ਪਰਿਵਾਰ ਦੀ ਫ਼ਿਕਰ ਹੁੰਦੀ ਹੈ ਪਰ ਉਸਨੂੰ ਸਮਝਣ ਵਾਲਾ ਕੋਈ ਨਹੀਂ ਹੁੰਦਾ। ਪਹਿਲਾਂ ਬਾਪ ਤੇ

ਫਿਰ ਸਹੁਰੇ ਘਰ ਜ਼ਿੰਮੇਵਾਰੀਆਂ 'ਚ ਗੁਆਚੀ ਖ਼ੁਦ ਦੇ ਸੁਪਨਿਆਂ ਨੂੰ ਖ਼ਤਮ ਕਰ ਲੈਂਦੀ ਹੈ। ਸ਼ੁਰੂ ਤੋਂ ਹੀ ਇਹ ਦੁਨੀਆਂ ਆਖਦੀ ਆਈ ਹੈ ਕਿ ਕੁੜੀਆਂ ਦੇ ਦੋ ਘਰ ਹੁੰਦੇ ਹਨ ਪਰ ਇਹ ਕਥਨ ਕਿੰਨਾਂ ਕੁ ਸੱਚ ਹੈ? ਮਾਂ ਬਾਪ ਬਚਪਨ ਤੋਂ ਹੀ ਕਹਿਣ ਲੱਗ ਜਾਂਦੇ ਅਗਲੇ ਘਰ ਜਾ ਕੇ ਆਪਣੀ ਜਿੰਦਗ਼ੀ ਨੂੰ ਜਿਉਂਦੀ ਰਹੀ ਆਪਣੇ ਸੁਪਨਿਆਂ ਨੂੰ ਪੂਰਾ ਕਰੀ। ਸਹੁਰਾ ਪਰਿਵਾਰ ਆਖ ਦਿੰਦਾ ਕਿ ਤੂੰ ਖ਼ੁਦ ਲਈ ਜੋ ਕਰਨਾ ਸੀ ਮਾਂ ਬਾਪ ਘਰੇ ਕਰ ਲਿਆ ਹੁਣ ਬਸ ਤੂੰ ਪਰਿਵਾਰ ਨੂੰ ਹੀ ਦੇਖਣਾ। ਕੁੜੀਆਂ ਦੇ ਘਰ ਦੋ ਜ਼ਰੂਰ ਹੁੰਦੇ ਆ ਪਰ ਕੀ ਉਹਦਾ ਆਪਣਾ ਵੀ ਕੋਈ ਘਰ ਹੁੰਦਾ ਹੈ?

**ਪਵਨਦੀਪ ਕੌਰ**

**ਐੱਮ. ਏ. ਪੰਜਾਬੀ**



# ਤੂੰ ਸਿੱਖ ਲੈ

ਤੂੰ ਸਿੱਖ ਲੈ ਫੁੱਲ ਗੁਲਾਬ ਤੋਂ,

ਦੋ ਦਿਨ ਹੁਸਨ ਬੜਾ ਪਿਆਰਾ ਲਗਦਾ ਐ।

ਜਦ ਮੁਰਝਾ ਕੇ ਟੁੱਟ ਜਾਂਦਾ,

ਇਹੀ ਪਿਆ ਬੜਾ ਖਿਲਾਰਾ ਲਗਦਾ ਐ।

ਤੂੰ ਸਿੱਖ ਲੈ ਸ਼ਾਂਤ ਚਲਦੇ ਪਾਣੀਆਂ ਤੋਂ,

ਰੂਹ ਨੂੰ ਮਿੱਠਾ ਜਿਹਾ ਸਰੂਰ ਚਾੜ ਜਾਂਦੇ।

ਜਦ ਚਲਦੇ ਆਪੇ ਤੋਂ ਬਾਹਰ ਹੋ ਕੇ,

ਫਿਰ ਘਰਾਂ ਦੇ ਘਰ ਉਜਾੜ ਜਾਂਦੇ।

ਤੂੰ ਸਿੱਖ ਲੈ ਤੂੰ ਪੱਥਰਾਂ ਤੋਂ,

ਤਰਾਸ਼ੇ ਹੋਣ ਤਾਂ ਇਹੀ ਭਗਵਾਨ ਲਗਦੇ।

ਰਸਤੇ ਵਿਚ ਜੇ ਹੋਣ ਪਏ,

ਤਾਂ ਇਹੀ ਕਰਨ ਵਾਲੇ ਨੁਕਸਾਨ ਲਗਦੇ।



ਸੁਖਬੀਰ ਕੌਰ ਬਾਠ

ਐੱਮ. ਏ. ਪੰਜਾਬੀ.

# ਤਾਜ



**ਨਵਜੋਤ ਕੌਰ**

**ਬੀ. ਪੀ. ਟੀ. ਪਹਿਲਾ ਸਾਲ**



# ਜੇ ਮਾਂ ਤੂੰ ਜਿਉਂਦੀ ਹੁੰਦੀ

ਪਹਿਲੀ ਵਾਰ ਜਦ ਰੋਇਆ ਸੀ ਮੈਂ,
ਆਣ ਕੇ ਮੈਨੂੰ ਚੁੱਪ ਕਰਾਉਂਦੀ,
ਘੁੱਟ ਕੇ ਮੈਨੂੰ ਗਲ਼ ਨਾਲ ਲਾਉਂਦੀ,
ਪਿਆਰ ਨਾਲ ਮੈਨੂੰ ਲਾਡ ਲਡਾਉਂਦੀ,
ਜੇ ਮਾਂ ਤੂੰ ਜਿਉਂਦੀ ਹੁੰਦੀ!

ਆਪਣੇ ਹੱਥਾਂ ਨਾਲ ਚੂਰੀ ਖਵਾਉਂਦੀ,
ਗੋਦੀ 'ਚ ਪਾ ਕੇ ਮੈਨੂੰ ਸਵਾਉਂਦੀ,
ਵਧੀਆ ਸਕੂਲ ਵਿਚ ਪੜ੍ਹਨੇ ਪਾਉਂਦੀ,
ਬਾਜ਼ੀਆਂ ਨਾਲ ਮੇਰਾ ਕਮਰਾ ਸਜਾਉਂਦੀ,
ਜੇ ਮਾਂ ਤੂੰ ਜਿਉਂਦੀ ਹੁੰਦੀ!

ਦੁੱਧ ਦਾ ਗਲਾਸ ਭਰ ਕੇ ਪਿਆਉਂਦੀ,
ਰੱਜ ਕੇ ਪੁੱਤ ਨੂੰ ਰੋਟੀ ਖਵਾਉਂਦੀ,
ਕੱਪੜੇ ਸੋਹਣੇ-ਸੋਹਣੇ ਪਵਾਉਂਦੀ,
ਜੂੜਾ ਕਰ ਦਸਤਾਰ ਸਜਾਉਂਦੀ,
ਜੇ ਮਾਂ ਤੂੰ ਜਿਉਂਦੀ ਹੁੰਦੀ!

ਵਿਆਹ ਮੇਰੇ ਦੇ ਸ਼ਗਨ ਮਨਾਉਂਦੀ,

ਅੱਗੇ ਹੋ ਕੇ ਰੀਝਾਂ ਪਗਾਉਂਦੀ,

ਪਾਣੀ ਵਾਰ ਨੂੰਹ ਘਰ ਲਿਉਂਦੀ,

ਪਿੰਡ ਵਿਚ ਚਾਅ ਨਾਲ ਭਾਜੀ ਪਾਉਂਦੀ,

ਜੇ ਮਾਂ ਤੂੰ ਜਿਉਂਦੀ ਹੁੰਦੀ!

ਪੋਤਰੇ ਪੋਤਰੀਆਂ ਨੂੰ ਖਿਡਾਉਂਦੀ,

ਉਹਨਾਂ ਤੇ ਪਿਆਰ ਲੁਟਾਉਂਦੀ,

ਉਹਨਾਂ ਦੀ ਹਰ ਜ਼ਿਦ ਪੁਗਾਉਂਦੀ,

ਉਹਨਾਂ ਵਿਚ ਫਿਰ ਬਚਪਨ ਜਿਉਂਦੀ,

ਜੇ ਮਾਂ ਤੂੰ ਜਿਉਂਦੀ ਹੁੰਦੀ!

50 ਸਾਲ ਜ਼ਿੰਦਗੀ ਦੇ ਜੀ ਲਏ,

ਪਰ ਤੇਰੀ ਯਾਦ ਤਾਂ ਹਰ ਪਲ ਆਉਂਦੀ,

ਤੇਰਾ ਪੁੱਤ ਕਦੇ ਨਾ ਰੋਂਦਾ,

ਜੇ ਮਾਂ ਤੂੰ ਜਿਉਂਦੀ ਹੁੰਦੀ!

ਜੇ ਮਾਂ ਤੂੰ ਜਿਉਂਦੀ ਹੁੰਦੀ!



ਅੰਮ੍ਰਿਤਪ੍ਰੀਤ ਕੌਰ

ਬੀ. ਪੀ. ਟੀ. ਪਹਿਲਾ ਸਾਲ

# ਦੱਸ ਕੀ ਕਰਾਂ?

ਇਸ਼ਕ ਕਹਿ ਲਵਾਂ, ਜਾਂ ਆਖਾਂ ਮੁਹੱਬਤ?
ਜਾਂ ਫ਼ਿਰ ਇਸ ਤੋਂ ਵੀ ਪਾਰ ਦਾ ਨਾਂ ਦੇ ਦਿਆਂ?

ਦਿਲ ਵਿਚ ਰੱਖਾਂ, ਜਾਂ ਆਪਣੀ ਰੂਹ 'ਚ ਵਸਾਵਾਂ?
ਕਿ ਜਾਂ ਫ਼ਿਰ ਰੋਮ ਰੋਮ ਵਿਚ ਥਾਂ ਦੇ ਦਿਆਂ?

ਵੇਖ ਕੇ ਨਿਹਾਰਦੀ ਰਵਾਂ, ਜਾਂ ਨੈਣਾਂ 'ਚ ਸਮਾਂ ਲਵਾਂ?
ਕਿ ਬਿਨਾ ਸੋਚੇ ਬਚੇ ਸਾਰੇ ਸਾਹ ਦੇ ਦਿਆਂ?

ਹਰ ਵੇਲੇ ਪੂਜਦੀ ਰਵਾਂ, ਜਾਂ ਸਜਦੇ ਲਈ ਸਿਰ ਝੁਕਾਵਾਂ?
ਰੱਬੀ ਕੋਈ ਅਵਤਾਰ ਲੱਗੇ, ਰੱਬ ਦਾ ਰੁਤਬਾ ਮੈਂ ਤਾਂ ਦੇ ਦਿਆਂ।

ਆਪਾ ਵਾਰਾਂ, ਜਾਂ ਫ਼ਿਰ ਜਾਨ ਕੁਰਬਾਨ ਕਰਾਂ ਉਹ ਮੰਗ ਕੇ ਤਾਂ ਵੇਖੇ ,
ਖ਼ੁਦਾ ਕਰੇ ਉੱਥੇ ਈ ਖ਼ਾਕ ਹੋਜਾਂ, ਜੇ ਬਦਲੇ 'ਚ ਓਹਨੂੰ ਮੈਂ 'ਨਾਂਹ' ਦੇ ਦਿਆਂ।

**ਹਰਬੰਸ ਕੋਰ**
**ਬੀ. ਸੀ. ਏ. ਤੀਜਾ ਸਾਲ**



# ਕੁੱਝ ਛੁੱਟ ਰਿਹਾ

ਇੰਝ ਲੱਗੇ ਕੁੱਝ ਛੁੱਟ ਰਿਹਾ,

ਬਿਨਾਂ ਕੁੱਝ ਛੁੱਟੇ ਹੀ,

ਇੰਝ ਲੱਗੇ ਕੋਈ ਦਿਲ ਦੀਆਂ ਬੁੱਝ ਰਿਹਾ,

ਬਿਨਾਂ ਕੁੱਝ ਪੁੱਛੇ ਹੀ,

ਜਦ ਦੇਖਿਆ ਕਿ ਕੌਣ ਓਹ,

ਯਾਰਾ ਤੇਰਾ ਨਾਂ ਆਇਆ,

ਜਿੱਥੇ ਜਦ ਡਿੱਗਣ ਲੱਗੇ ,

ਹੱਥ ਫੜ੍ਹਣ ਨੂੰ ਬੱਸ ਤੇਰਾ ਪਰਛਾਵਾਂ ਆਇਆ ,

ਚੱਲ ਠੀਕ ਏ, ਜਾਣਦੇ ਆਂ,

ਤੂੰ ਤੁਰ ਜਾਣਾ ਏ,

ਖੌਰੇ ਫੇਰ ਕਦ ਤੂੰ ਮੁੜ ਆਉਣਾ ਏ,

ਜਿੱਥੇ ਵੀ ਹੋਣਾ ਤੂੰ,

ਮੇਰੀ ਰੂਹ ਵਿਚ ਤਾਂ ਤੂੰ ਰਹਿ ਜਾਣਾ ਹੀ ਹੈ,

ਨਾਲ ਹਾਂ ਇੱਕ ਦੂਜੇ ਦੇ ਤਾਂ,

ਚੱਲ ਪਤਾ ਏ ਕੋਈ ਰੁੱਠੇ ਨੀ,

ਇੰਝ ਲੱਗੇ ਕੁੱਝ ਛੁੱਟ ਰਿਹਾ,

ਬਿਨਾਂ ਕੁੱਝ ਛੁੱਟੇ ਹੀ।



ਰੀਆ ਸ਼ਰਮਾ

ਬੀ. ਪੀ. ਟੀ. ਦੂਜਾ ਸਾਲ

# ਪਵਣ ਗੁਰੂ ਮਾਤਾ ਧਰਤ

ਪੌਣ ਪਾਣੀ ਦਾਤ ਏ ਤੇਰੀ,
ਫੁੱਲਾਂ ਦੀ ਸੌਗਾਤ ਏ ਤੇਰੀ,

ਤੂੰ ਮਿੱਟੀ ਤੋਂ ਸੋਨਾ ਉਗਾਵੇ,
ਬਣ ਬਰਸਾਤ ਜੰਗਲਾਂ ਨੂੰ ਭਾਵੇਂ,

ਰੰਗਾਂ ਨੂੰ ਬਣ ਰੰਗ ਮਿਲਾਵੇ,
ਖਿਆਲਾਂ ਤੇ ਹਰਿਆਲੀ ਛਾਵੇ,

ਪਹਾੜਾਂ ਨੂੰ ਤੂੰ ਕਿੰਝ ਭ੍ਰਮਾਂਵੈ,
ਖਿੜੀ ਦੁਪਹਿਰ ਫਿਰ ਪਰਤਾਂ ਪਾਵੇ,

ਹਵਾ ਤੇਰੀ 'ਚ ਸਾਜ਼ ਘੁਲੇ ਨੇ,
ਇਹਦੇ 'ਚ ਕਈ ਰਾਜ਼ ਛੁਪੇ ਨੇ,

ਝਾਂਜਰ ਬੰਨ੍ਹ ਧਰਤ ਘੁਮਾਂਵੇ,
ਛਣ ਛਣ ਕਰ ਫਿਰਦੀ ਜਾਵੇ,

ਚੰਨ ਸੂਰਜ ਕੋਲ ਤੇਰੇ ਨੇ,
ਸਰਦ ਗਰਮ ਸਭ ਰੁੱਤ ਮਿਲੇ ਨੇ,

ਬ੍ਰਹਿਮੰਡਾਂ 'ਚ ਤੂੰ ਚਾਨਣ ਪਾਵੇ,
ਜਗਦੇ ਬੁਝਦੇ ਜੁਗਨੂੰ ਦਿਖਾਵੇ,

ਬਸੰਤ ਬਹਾਰ ਪਤਝੜ ਆਵੇ,
ਮੁਰਝਾਇਆ ਤੂੰ ਜੀਣਾ ਸਿਖਾਵੇ,

ਰੰਗ ਬਿਰੰਗੇ ਪੰਛੀ ਦਿਖਾਵੇ,
ਵਿਚ ਅਸਮਾਂਨੇ ਉੱਡਣਾ ਸਿਖਾਵੇ,

ਕਿੱਕਰ ਟਾਹਲੀ ਸਭ ਰੁੱਖ ਨੇ ਤੇਰੇ,
ਦੁੱਖਾਂ 'ਚ ਵੀ ਸੁੱਖ ਨੇ ਤੇਰੇ,

ਕਦੇ ਕਦੇ ਤੂੰ ਖ਼ੂਬ ਭ੍ਰਮਾਂਵੈ,
ਨਵੇਂ ਰੰਗ ਦਿਖਾਉਂਦਾ ਜਾਵੇ,

ਬੈਠੇ ਤੇਰੇ ਪਰਛਾਵੇਂ ਥੱਲੇ,
ਠੰਡਾ ਮਿੱਠਾ ਪਾਣੀ ਘੱਲੇ,

ਤੂੰ ਦਸਦਾ ਏ ਨਵੇਂ ਵੱਲੇ,
ਸਮਾਂ ਕਦੇ ਹੌਲੀ ਨਾ ਚਲੇ,

ਭੌਰਿਆਂ ਨੂੰ ਤੂੰ ਕੋਲ ਬੁਲਾਵੇ,
ਫੁੱਲਾਂ ਨੂੰ ਮਹਿਕਾਉਣਾ ਸਿਖਾਵੇ,

ਜਦ ਤੂੰ ਕਹਿਰ ਕਮਾਉਂਦੀ ਏ,
ਫਿਰ ਚਕਰਾਂ 'ਚ ਪਾਉਂਦੀ ਏ,

ਅੰਮ੍ਰਿਤ ਦੇ 'ਚ ਘੁੱਲੇ ਬਾਣੀ,
ਯਾਦ ਰੱਖੇ ਗੱਲ ਨਈ ਪੁਰਾਣੀ,

ਪਵਣ ਗੁਰੂ ਮਾਤਾ ਧਰਤ,
ਬਾਬੇ ਨਾਨਕ ਕਿਹਾ ਏ ਸਤਿ,

ਇਹ ਜੀ ਕੁਝ ਹੋਰ ਨਹੀਂ,
ਕੁਦਰਤ ਏ ਕੁਦਰਤ ਜਿਸ ਤੇ ਜ਼ੋਰ ਨਹੀਂ,

ਜੋ ਸਾਨੂੰ ਜੀਣਾ ਸਿਖਾਵੇ,
ਨਵੇਂ ਰੰਗ ਰੂਪ ਦਿਖਾਵੇ।

**ਰਣਜੀਤ ਕੌਰ**

**ਐੱਮ. ਏ. ਪੰਜਾਬੀ**



# ਰਾਧਾ ਕ੍ਰਿਸ਼ਨਾ






ਤਰਨ ਕੌਰ

ਬੀ. ਪੀ. ਟੀ.

ਪਹਿਲਾ ਸਾਲ

# ਸੱਜਣਾ ਦਾ ਪਤਾ ਕੋਈ ਨਾ

ਕਿਹੜੀ ਗੱਲੋਂ ਰੁੱਸ ਰੁੱਸ ਬਹਿੰਦੇ ਨੇ
ਵੈਸੇ ਸਾਡੀ ਤਾਂ ਖ਼ਤਾ ਕੋਈ ਨਾ
ਠੰਡੀਆਂ ਹਵਾਵਾਂ ਆ ਗਈਆਂ
ਤੇ ਸੱਜਣਾ ਦਾ ਪਤਾ ਕੋਈ ਨਾ

ਖੋਲ੍ਹ ਖੋਲ੍ਹ ਬੂਹੇ ਜੋ ਰੱਖਦੇ ਸੀ
ਹੁਣ ਬਾਰੀਆਂ ਭੇੜ ਲਈਆਂ
ਹੁਣ ਸੋਚਦਾ ਹਾਂ ਬਹਿ ਕੱਲਿਆਂ
ਕਿ ਮਧੂ ਮੱਖੀਆਂ ਛੇੜ ਲਈਆਂ

ਜਿਹੜੇ ਬੋਲੋ ਮੇਰੇ ਹੱਕ 'ਚ ਖੜ੍ਹਕੇ
ਜੇ ਹੋਇਆ ਦੱਸਿਓ ਮਤਾ ਕੋਈ ਤਾਂ
ਕਿਹੜੀ ਗੱਲੋਂ ਰੁੱਸ ਰੁੱਸ ਬਹਿੰਦੇ ਨੇ
ਵੈਸੇ ਸਾਡੀ ਤਾਂ ਖਤਾ ਕੋਈ ਨਾ
ਠੰਡੀਆਂ ਹਵਾਵਾਂ ਆ ਗਈਆਂ
ਤੇ ਸੱਜਣਾ ਦਾ ਪਤਾ ਕੋਈ ਨਾ।



ਸੁਖਬੀਰ ਸੋਨਾ
ਐੱਮ. ਏ. ਪੰਜਾਬੀ

# ਸਵਾਲ ਕੀ ਏ

ਓਸ ਛੱਡ ਕੇ ਹਾਲੋਂ ਬੇਹਾਲ ਕੀਤਾ

ਜਦ ਮਿਲਿਆ ਤਾਂ ਪੁੱਛਦੈ ਹਾਲ ਕੀ ਏ?

ਇਹ ਜੋ ਚੁੱਪ ਵੱਟੀ ਏ ਗਹਿਰੀ ਵਿਧਵਾ ਵਾਂਗੂੰ

ਇਹੋ ਜਿਹਾ ਮਨ 'ਚ ਸਵਾਲ ਕੀ ਏ?

ਕਿਉਂ ਬੋਲਦਾ ਨੀ ਕੁਝ ਬੈਠਾ ਕਾਹਤੋਂ ਚੁੱਪ ਹੋਕੇ

ਗੱਲ ਛੋਟੀ ਜਾਂ ਬਹੁਤ ਵਿਸ਼ਾਲ ਜੀ ਏ।

ਬਾਹਰੋਂ ਚੁੱਪ ਏਂ ਅੰਦਰੋਂ ਧਮਾਲ ਉੱਠੇ

ਮਸਲਾ ਐਵੇਂ ਨਹੀਂ ਲੱਗਦਾ ਕਮਾਲ ਹੀ ਏ।

ਤੇਰਾ ਇੰਵ ਚੁੱਪ ਹੋਣਾ ਕਿਸੇ ਨਾਲ ਨਾ ਬੋਲਣਾ

ਇੰਵ ਲੱਗਦਾ ਏ ਸਭ ਬੇਤਾਲ ਹੀ ਏ।

**ਉਂਕਾਰ ਸਿੰਘ**

**ਐੱਮ. ਏ. ਪੰਜਾਬੀ**



# ਆਪਣੀ ਮਾਂ ਚੰਗੀ ਲੱਗਦੀ

ਤੇਰੇ ਪਿਆਰ ਦੀ ਇੱਕ ਕਿਰਨ ਨੇ

ਮੇਰੇ ਅੰਦਰ ਹਨੇਰੇ ਨੂੰ ਭਜਾਇਆ ਏ

ਇਸ ਕਿਰਨ ਨੇ ਇੱਕ ਕ੍ਰਿਸ਼ਮਾਂ ਕੀਤਾ

ਖਿਆਲਾਂ ਦਾ ਤੇ ਗੱਲਾਂ, ਭਾਵਨਾ ਦਾ

ਸਭ ਦਾ ਏਸਾ ਫੇਰ ਬਦਲ ਕੀਤਾ ਏ

ਕਿ ਮੈਨੂੰ ਸਭ ਕੁੱਝ ਤੇਰੇ 'ਚੋਂ ਦਿਸਦਾ ਏ

ਅੱਖਾਂ ਨੂੰ ਤੈਨੂੰ ਦੇਖਣ ਦੀ ਲਾਲਸਾ ਰਹਿੰਦੀ

ਮੇਰੀ ਸੋਚ ਨੂੰ ਸਭ ਭੁੱਲ ਗਿਆ ਏ

ਤੇ ਸਿਰਫ ਤੂੰ ਹੀ ਯਾਦ ਏ ਰਹਿੰਦੀ

ਬੁੱਲਾਂ ਚੋਂ ਤੇਰਾ ਨਾਮ ਲੈਣਾ ਚੰਗਾ ਲੱਗਦਾ

ਕੰਨਾਂ ਨੂੰ ਤੇਰੀ ਆਵਾਜ਼ ਸੁਣਨ ਦਾ ਨਸ਼ਾ ਰਹਿੰਦਾ

ਨੀਂਦ 'ਚ ਵੀ ਸੁਪਨੇ ਵੀ ਤੇਰੇ ਹੀ ਆਉਂਦੇ

ਇਹ ਸਭ ਮੈਨੂੰ ਇਸ ਕਦਰ ਚੰਗਾ ਲੱਗਦਾ

ਜਿਵੇਂ ਛੋਟੇ ਬੱਚੇ ਨੂੰ ਆਪਣੀ ਮਾਂ ਚੰਗੀ ਲੱਗਦੀ।



ਮਨਦੀਪ ਸਿੰਘ

ਐੱਮ. ਏ. ਪੰਜਾਬੀ

# ਗੱਲਾਂ ਨੇ

ਓਹਦੀ ਉਡੀਕ ਦੀਆਂ ਗੱਲਾਂ ਨੇ

ਓਹਦੀ ਤਰੀਫ ਦੀਆਂ ਗੱਲਾਂ ਨੇ

ਮੇਰੇ ਗੁਜਰੇ ਹੋਏ ਅਤੀਤ ਦੀਆਂ ਗੱਲਾਂ ਨੇ

ਜਦੋਂ ਇਸ਼ਕ ਦਾ ਜਨੂੰਨ ਹੁੰਦਾ ਸੀ

ਜਦੋਂ ਓਹ ਮੇਰਾ ਤੇ ਮੈਂ ਓਹਦਾ ਸਕੂਨ ਹੁੰਦਾ ਸੀ

ਮੈਨੂੰ ਓਹਦੇ ਨਾਲ ਲਾ ਕੇ

ਆਪਣੇ ਆਪ 'ਤੇ ਕਦੇ ਗਰੂਰ ਹੁੰਦਾ ਸੀ

ਓਹ ਮੇਰੀ ਜ਼ਿੰਦਗੀ ਦਾ ਫਿਤੂਰ ਹੁੰਦਾ ਸੀ

ਬੜਾ ਟਾਈਮ ਹੋ ਗਿਆ ਓਹਨੂੰ ਮਿਲਿਆ ਨੂੰ

ਹੁਣ ਤਾਂ ਬਸ

ਓਹਦੀ ਦੀਦ ਦੀਆਂ ਗੱਲਾਂ ਨੇ

ਓਹਦੇ ਹਸਦੇ ਚੇਹਰੇ ਨੂੰ ਤੇ

ਅਖੀਰ ਦੀਆਂ ਗੱਲਾਂ ਨੇ

ਜਦ ਵੇਖਿਆ ਸੀ ਆਖਰੀ ਵਾਰੀ

ਓਸ ਤਰੀਕ ਦੀਆਂ ਗੱਲਾਂ ਨੇ

ਹੁਣ ਤਾਂ ਦੁਬਾਰਾ ਮਿਲਣ ਲਈ

ਓਹਦੀ ਉਡੀਕ ਦੀਆਂ ਗੱਲਾਂ ਨੇ



ਸ਼ੇਰਾ ਸਿੰਘ
ਐੱਮ. ਏ. ਮਿਊਜ਼ਕ
ਦੂਜਾ ਸਾਲ

# ਝੂਠਾ ਹੋਸੀ

ਜੇ ਮੈਂ ਕਹਾਂ ਮੈਂ ਝੂਠਾ ਹੋਸੀ

ਪਰ ਸੱਚ ਨੂੰ ਲੋਕ ਛਪਾਉਂਦੇ ਵੇਖੇ।

ਜਿਹੜੇ ਕੰਮੀ ਤੂੰ ਤੁਰਿਆ ਏ

ਉਸ ਕੰਮ ਤੋਂ ਕੰਨ ਕਤਰਾਉਂਦੇ ਵੇਖੇ

ਰੂਪ ਦਾ ਪੱਲੜਾਂ ਬਾਹਲ਼ਾ ਭਾਰਾ

ਪਰ ਰੂਹਾਂ ਦੇ ਹਾਣੀ ਰੋਂਦੇ ਵੇਖੇ।

ਜਿੰਨਾ ਨਾਲ ਤੂੰ ਕਰੇ ਮੁਹੱਬਤ

ੳ ਜਿਸਮ ਤੇਰੇ ਨਾਲ ਸੌਂਦੇ ਵੇਖੇ।

**ਸੁਖਮਨਜੀਤ ਸਿੰਘ ਬੰਡਾਲਾ**

**ਬੀ. ਏ.**



# ਅਖ਼ੀਰ

ਹੇ ਖ਼ੁਦਾ ਦੇ ਫ਼ਰਿਸ਼ਤੇ ਥੋੜੀ ਦੇਰ ਲੀ ਰੁੱਕ ਜਾ

ਹਾਲੇ ਮੇਰੀ ਉਡੀਕ ਬਾਕੀ ਏ

ਮੈਂ ਵੀ ਤਾਂ ਦੇਖਾਂ ਫੁੱਲ ਪਤਝੜ 'ਚ ਕਿਵੇਂ ਖਿਲਦੇ ਨੇ

ਹਾਲੇ ਸੱਜਣਾ ਨੂੰ ਮਿਲਣ ਦੀ ਤਰੀਕ ਬਾਕੀ ਏ।

ਕੀਮਤੀ ਸਮੇਂ 'ਚੋਂ ਕੁਝ ਪਲ ਮੈਨੂੰ ਦੇਦੇ

ਅੱਖਾਂ 'ਚ ਅੱਖਾਂ ਮਿਲਾਉਣ ਦੀ ਰੀਝ ਬਾਕੀ ਏ

ਕਈ ਚਿਰ ਪਿੱਛੋਂ ਹੁਣ ਤਾਂ ਪਹੁੰਚਦੇ ਈ ਹੋਣਗੇ

ਬਸ ਟੱਪਣ ਵਾਲੀ ਦਹਿਲੀਜ਼ ਬਾਕੀ ਏ

ਹੇ ਖ਼ੁਦਾ ਦੇ ....



ਜਸ ਨੇ ਲਿਖਿਆ ਏ ਕੁਝ ਹਾਲ ਪੰਨੇ ਉੱਤੇ

ਅੱਖਰਾਂ ਵਿਚ ਲਾਉਣੀ ਤਮੀਜ਼ ਬਾਕੀ ਐ

ਓਏ ਖ਼ੁਦਾ ਦੇ ਬੰਦੇ,

ਮੇਰੇ ਨਾਲ ਦਫ਼ਨ ਕਰ ਦਵੀਂ

ਇਸ ਕਿਤਾਬ ਦਾ ਹਾਲੇ ਅਖੀਰ ਬਾਕੀ ਐ

ਹਾਲੇ ਮੇਰੀ ਉਡੀਕ ਬਾਕੀ ਐ।

ਜਸਕਰਨ ਸਿੰਘ

ਬੀ. ਐਸ. ਸੀ. ਫਜ਼ਿਕਸ

ਤੀਜਾ ਸਾਲ.

# ਜਿਸ ਹੱਥਾਂ ਨੇ ਪਾਲਿਆ



ਜਿਸ ਹੱਥਾਂ ਨੇ ਪਾਲਿਆ

ਜਿਨ੍ਹਾਂ ਹੱਥਾਂ ਨੇ ਠੇਢਾ ਲੱਗੇ 'ਤੇ

ਚੁੱਕ ਕੇ ਹਿੱਕ ਨਾਲ ਲਾਇਆ

ਜਿਨ੍ਹਾਂ ਹੱਥਾਂ ਦੇ ਸਹਾਰੇ ਤੁਰਨਾ ਸਿੱਖਿਆ

ਜਿਨ੍ਹਾਂ ਹੱਥਾਂ ਨੇ ਲਿਖਣਾ ਸਿਖਾਇਆ

ਜਿਨ੍ਹਾਂ ਹੱਥਾਂ ਨਾਲ ਮੂੰਹ 'ਚ ਬੁਰਕੀਆਂ ਪਾਈਆਂ

ਜਿਨ੍ਹਾਂ ਹੱਥਾਂ ਨੇ ਹਮੇਸ਼ਾ ਸਿਰ ਪਲੋਸਿਆ

ਜਿਨ੍ਹਾਂ ਹੱਥਾਂ ਨੇ ਹਮੇਸ਼ਾ ਹੱਥ ਘੁੱਟ ਕੇ ਰੱਖਿਆ

ਜਿਨ੍ਹਾਂ ਹੱਥਾਂ ਨੇ ਲੰਮੇ ਸਫਰ ਕਰਵਾਏ

ਜਿਨ੍ਹਾਂ ਹੱਥਾਂ ਨੂੰ ਫੜ ਕੇ ਸੜਕ ਪਾਰ ਕਰਨਾ ਸਿੱਖਿਆ

ਜਿਹੜੇ ਹੱਥ ਆਪ ਹੱਥ ਜ਼ੋਰ ਨਾਲ ਫੜਦੇ ਸੀ

ਜਦ ਅੱਜ ਹੱਥਾਂ ਵਿਚ ਹੱਥ ਫੇਰ ਫੜੇ

ਤਾਂ ਮੈਂ ਬੇਬਸ ਹੋਇਆ ਮਾਂ ਨੂੰ ਇਹ ਕਹਿ ਰਿਹਾ ਸੀ

ਮਾਂ ਮੇਰੇ ਹੱਥ ਨੂੰ ਘੁੱਟ ਕੇ ਫੜੋ

ਪਰ ਹੁਣ ਉਨਾਂ ਹੱਥਾਂ ਨੂੰ ਮੈਂ ਮਜ਼ਬੂਤੀ ਨਾਲ ਫੜਿਆ ਸੀ

ਕਿਉਂ ਕਿ ਮਾਂ ਹੁਣ ਕਮਜ਼ੋਰ ਹੋ ਗਈ ਹੈ

ਉਹੀ ਮਾਂ ਜੋ ਹੱਥ ਨੂੰ ਜ਼ੋਰ ਨਾਲ ਫੜ ਕੇ ਰੱਖਦੀ ਸੀ।



ਜਸਪ੍ਰੀਤ ਸਿੰਘ ਜਸ ਪੰਡੋਰੀ
ਬੀ. ਏ. ਤੀਜਾ ਸਾਲ

# ਹੁਸਨ

ਹੁਸਨ ਤੇਰੇ ਦੀ ਕੀ ਤਰੀਫ਼ ਕਰਾਂ

ਜੀ ਕਰਦਾ ਏ ਤੈਨੂੰ ਹੀ ਦੇਖੀ ਜਾਵਾਂ ਮੈਂ

ਨਜ਼ਰਾਂ ਤੇਰੇ ਤੋਂ ਨਾ ਹਟਾਵਾਂ ਮੈਂ

ਨਜ਼ਰਾਂ ਤੇਰੇ ਤੋਂ ਨਾ ਹਟਾਵਾਂ ਮੈਂ

ਮੈਨੂੰ ਤੂੰ ਕਦੇ ਛੱਡ ਕੇ ਨਾ ਜਾਈਂ

ਰੱਬ ਕਦੇ ਦੂਰ ਨਾ ਕਰੇ ਮੈਨੂੰ ਤੇਰੇ ਤੋਂ

ਰੱਬ ਕਰੇ ਤੂੰ ਨਾਲ ਰਵੇ ਮੇਰੇ ਨਾਲ ਹਮੇਸ਼ਾਂ

ਰੱਬ ਕਰੇ ਤੂੰ ਨਾਲ ਰਵੇ ਮੇਰੇ ਨਾਲ ਹਮੇਸ਼ਾਂ।

ਗੁਰਨੂਰ ਸਿੰਘ ਗੋਰਾਇਆ

ਬੀ. ਵੋਕ. ਫੂਡ ਪਰੋਸੈਸ

ਪਹਿਲਾ ਸਾਲ



# ਜ਼ਿੰਦਗ਼ੀ ਤੇਰੇ ਨਾਮ ਹੈ

ਜ਼ਿੰਦਗੀ ਤੇਰੇ ਨਾਮ ਹੈ

ਭਰ ਜੀਵਨ ਤੈਨੂੰ ਚਾਹਾਂਗਾ

ਮੰਨ ਤੇਰੇ 'ਤੇ ਡੁੱਲ੍ਹਿਆ ਹੈ

ਕਿਵੇਂ ਤੈਨੂੰ ਭੁੱਲ ਜਾਵਾਂਗਾ।

ਦੋ ਦਿਨ ਚਾਨਣ ਹੋਇਆ ਸੀ

ਘੁੱਪ ਹਨ੍ਹੇਰਾ ਹੁਣ ਛਾਇਆ ਹੈ।

ਖੋਹ ਕੇ ਤੈਨੂੰ ਨੀ ਸੋਹਣੀਏ।

ਮੈਂ ਆਪਣਾ ਆਪ ਗਵਾਇਆ ਹੈ।

ਤੇਰੇ ਨਾਲ ਸ਼ਾਮਾਂ ਵਾਂਗ ਜੁੜਿਆ ਸੀ

ਆ ਹਨ੍ਹੇਰੇ ਨੇ ਸਭ ਮੁਕਾਇਆ ਹੈ

ਆ ਅਰਚਿਤ ਤਾਂ ਖਿੜਿਆ ਹੋਇਆ ਸੀ

ਪਰ ਅੱਜ ਦਰਦਾਂ ਨੇ ਮੁਕਾਇਆ ਹੈ।



ਅਰਚਿਤ ਪਾਂਡੇ

ਬੀ. ਏ.

# ਭੋਰਾ ਭੋਰਾ ਮਰਿਆ

ਵਕਤਾਂ ਅੱਗੇ ਅੜਿਆ ਵਾਂ

ਭੋਰਾ ਭੋਰਾ ਮਰਿਆ ਵਾਂ

ਹਾਲਾਤਾਂ ਦੇ ਜਲਵੇ ਦੇਖੋ

ਹਰਿਆ ਕੋਲੋਂ ਹਰਿਆ ਵਾਂ

ਏਵੈਂ ਤੇ ਨਈ ਛਾਂਵੇਂ ਬੈਠਾ

ਧੁੱਪਾਂ ਦੇ ਵਿਚ ਸੜਿਆ ਵਾਂ

ਜਿਹੜੇ ਕੰਮੋਂ ਡਰਦੇ ਸੀ

ਓਹੋ ਸਭ ਕੁਝ ਕਰਿਆ ਵਾਂ

**ਗੁਰਜਿੰਦਰ ਸ਼ਾਹ**

**ਐੱਮ. ਏ. ਪੰਜਾਬੀ**



# ਚੋਟ ਏ ਲੱਗੇ

ਕਿ ਚੋਟਾਂ ਉੱਤੇ ਚੋਟ, ਏ ਲੱਗੇ।

ਮਲ੍ਹਮਾਂ ਦੀ ਥਾਂ ਨੋਟ ਏ ਲੱਗੇ।

ਚੋਰਾਂ ਦੀ ਅਦਲਾ ਬਦਲੀ ਦਾ,

ਸਾਧਨ ਸਾਡੀ ਵੋਟ ਏ ਲੱਗੇ।

ਆਲ੍ਹਣੇ 'ਚ ਹੀ ਮਰਨ ਲੱਗੇ,

ਜਿਉਂ ਬਾਜ਼ਾਂ ਤੋਂ ਬੋਟ, ਏ ਲੱਗੇ।

ਬੜਾ ਹੱਸਕੇ ਜੱਫ਼ੀਆਂ ਪਾਉਨੈ,

ਦਿਲ 'ਚ ਕੋਈ ਖੋਟ, ਏ ਲੱਗੇ।

ਆਪਣੇ, ਆਪਣੇ ਮਾਂਰੀ ਜਾਂਦੇ,

ਪੀ ਗਏ ਭੰਗ ਘੋਟ, ਏ ਲੱਗੇ।

ਦੁੱਧ ਚੁੰਘਦੇ ਤੋਂ ਮਾਂ ਖੋਹ ਲਈ,

ਰੱਬ ਨੂੰ ਦੁੱਧ ਦੀ ਤੋਟ,ਏ ਲੱਗੇ।

ਛੋਲੇ ਚਬਦੇ ਮੈਂ ਕਿਰਤੀ ਦੇਖੇ,

ਮੈਨੂੰ ਜਾਪੇ ਅਖਰੋਟ, ਏ ਲੱਗੇ।

ਮੇਰੇ ਹੱਕ ਵੀ ਸਾਂਭ ਗਿਆ ਏ,

ਲਾਲੇ ਦਾ ਨਹੀਂ ਲੋਟ, ਏ ਲੱਗੇ।



ਸਾਹਿਬਜੀਤ ਸਿੰਘ

ਬੀ. ਏ. ਤੀਜਾ ਸਾਲ

# ਏ ਲੂਣਾ ਜਿਆ ਪਾਣੀ

ਏ ਲੂਣਾ ਜਿਆ ਪਾਣੀ ਮੇਰਾ ਮੁੜਕਾ ਨਾ ਜਾਣੀ
ਏਹਨੂੰ ਕੀਤੀ ਮੁਸ਼ੱਕਤ ਦਾ ਅੱਥਰੂ ਪਛਾਣੀ।

ਏ ਚੁੱਪੀ ਦੇ ਤਾਲੇ ਜੋ ਮੇਰੇ ਬੁੱਲ੍ਹਾਂ ‘ਤੇ ਲੱਗੇ
ਏਹ ਮਜਬੂਰੀ ਨਾ ਕੋਈ ਹੈ ਸਬਰਾਂ ਦੀ ਤਾਣੀ।

ਮੈਂ ਕੋਈ ਦਵਾ ਹਾਂ ਜੋ ਤੇਰੇ ਦਰਦਾਂ ਦੀ ਕੌੜੀ
ਮੈਨੂੰ ਬੇਸਬਰਾ ਨਾ ਪੀਵੀਂ ਤੂੰ ਜਖ਼ਮਾਂ ‘ਤੇ ਲਾਣੀ।

ਏ ਉਡੀਕਾਂ ਦੇ ਪੈਂਡੇ ਮੈਂ ਵਿਚਾਲੇ ਨਾ ਛੱਡਾਂ
ਭਾਵੇਂ ਪੂਰੀ ਨਾ ਹੋਵੇ ਏਹ ਮੁਹੱਬਤ ਦੀ ਕਹਾਣੀ।

ਮੈਂ ਸ਼ਾਯਰ ਨਾ ਕੋਈ ਨਾ ਤੇਰਾ ਦਿਵਾਨਾ
ਤੂੰ ਮੁਹੱਬਤ ਹੈ ਮੇਰੀ ਮੇਰੇ ਮੁਰਸ਼ਦ ਦੀ ਬਾਣੀ।

ਪ੍ਰੀਤ ਸਿੰਘ ਭੈਣੀ
ਐੱਮ. ਏ. ਪੰਜਾਬੀ.
ਦੂਜਾ ਸਾਲ



# ਮੁਲਾਕਾਤ

ਕੱਲ੍ਹ ਰਾਤ ਜੋ ਉਸ ਨਾਲ ਮੁਲਾਕਾਤ ਹੋਈ

ਉਸ ਮੁਲਾਕਾਤ ਦੀ ਕਸਮ ਬਾਕਮਾਲ ਸੀ ਉਹ

ਸਭ ਭੁੱਲ ਗਏ ਸੀ ਸਮਾਂ ਜਮ ਗਿਆ ਸੀ

ਹੁਸਨ ਡੁਲਦਾ ਤੇ ਵੱਖਰਾ ਜਲਾਲ ਸੀ ਉਹ

ਆਪਾਂ ਇੰਝ ਮਿਲੇ ਜਿਵੇਂ ਜੁਗਾਂ ਦੇ ਵਿਛੜੇ ਸਾਂ

ਸੀਨੇ ਠੰਡ ਪੈ ਗਈ ਬੜਾ ਸੀ ਮੋਹ ਆਇਆ

ਸ਼ਰਮਾਂ ਲਾ ਲਈਆ ਸੰਗਾਂ ਤੋੜ ਦਿੱਤੀਆਂ

ਸਾਂਝੇ ਜਿਸਮਾਂ ਦਾ ਜਿਸਮ ਨੂੰ ਛੋਹ ਆਇਆ

ਰੱਜ ਇਸ਼ਕ ਕੀਤਾ ਰਾਤ ਨਿੱਕੜੀ ਸੀ

ਰੱਬ ਰਾਤ ਹੀ ਥੋੜੀ ਵਧਾ ਦਿੰਦਾ

ਚੰਨ ਚਾਨਣੀ ਤੇ ਸੰਗ ਤਾਰਿਆਂ ਦੇ

ਅੰਤ ਰਸ ਦਾ ਮਜ਼ਾ ਚਖਾ ਦਿੰਦਾ

ਸਾਡੀਆਂ ਆਹਾਂ ਵੀ ਪੌਣ ਦੇ ਵਿਚ ਘੁਲੀਆਂ

ਠੰਡੀ ਸੀਤ ਸੀ ਜੋ ਥੋੜੀ ਹੋਈ ਨਿੱਘੀ

ਨਾਚ ਪਿਆਰ ਦਾ ਜੁਗਨੂੰ ਤੱਕਦੇ ਸੀ

ਖ਼ੁਸ਼ੀ ਦੀ ਰਿਸ਼ਮ ਸਾਡੇ 'ਤੇ ਆਣ ਡਿੱਗੀ

ਨਾਲ ਜੋਸ਼ ਦੇ ਉਹਨੇ ਹੈਰਾਨ ਕੀਤਾ

ਸਭ ਦੇਵੀਆਂ ਪਿਆਰ ਦੀਆਂ ਝੁਕ ਗਈਆਂ

ਪਹਿਲੀ ਪਹਿਰ ਨੂੰ ਸੱਜਣ ਨਾਲ ਇੱਕ ਹੋ ਗਏ

ਸਭ ਦੂਰੀਆਂ ਆਪਸੀ ਮੁਕ ਗਈਆਂ।

**ਸਹਿਬਾਜਦੀਪ ਸਿੰਘ ਗੁਲਸ਼ਨ**

**ਐੱਮ. ਏ. ਪੰਜਾਬੀ ਦੂਜਾ ਸਾਲ**



# ਚਾਲਾਂ

ਜੋ ਤੂੰ ਚਾਲਾਂ ਚੱਲਦਾ ਫਿਰਦਾ,

ਸਾਡੇ ਤੋਂ ਏਹ ਸਭ ਨਹੀਂ ਹੁੰਦਾ।

ਕਿਵੇਂ ਵੇਖਾਂ ਤੈਨੂੰ ਹੋਰ ਕਿਸੇ ਨਾ',

ਐਨਾ ਤਾਂ ਅੱਕ ਚੱਬ ਨਹੀਂ ਹੁੰਦਾ।

ਤੇਰੀ ਅੱਖ ਨੂੰ ਜੱਚ ਜਾਵਾਂ ਮੈਂ,

ਏਨਾ ਤਾਂ ਮੈਥੋਂ ਫੱਬ ਨਹੀਂ ਹੁੰਦਾ।

ਇੱਕ ਛੱਡ ਕੇ ਦੂਜਾ ਕੇ ਫਿਰ ਤੀਜਾ,

ਸਾਡੇ ਤੋਂ ਏਹ ਜੱਬ ਨਹੀਂ ਹੁੰਦਾ।

ਕਹਿੰਦੇ ਨੇ ਤੂੰ ਅੰਦਰ ਬੈਠਾ,

ਮੈਥੋਂ ਕਾਹਨੂੰ ਲੱਭ ਨਹੀਂ ਹੁੰਦਾ।

ਏ ਭੋਲੇ ਲੋਕੀਂ ਕਿੱਥੇ ਵੇਖਣ,

ਚਾਰ ਦੀਵਾਰੀ ਰੱਬ ਨਹੀਂ ਹੁੰਦਾ।



ਸਤਨਾਮ ਸਿੰਘ ਵੇਰਕਾ

ਬੀ. ਏ. ਤੀਜਾ ਸਾਲ

# ਨਰਕ ਦਾ ਫੇਰਾ

ਨਰਕ ਦਾ ਫੇਰਾ ਪਾ ਕੇ ਆਈ ਆਂ
ਬੜਾ ਜਨੂੰਨ ਐ ਉੱਥੇ, ਅੰਤਾਂ ਦਾ ਸਕੂਨ ਐ ਉੱਥੇ

ਆਪਣਾ ਈ ਆਪਣੇ ਨੂੰ ਸੂਲ਼ੀ ਚਾੜ੍ਹਦਾ
ਲਫ਼ਜ਼ਾਂ ਦੇ ਸੇਕ ਨਾਲ ਕੋਈ ਫਿਰੇ ਜੱਗ ਨੂੰ ਸਾੜਦਾ

ਉਹ ਕਾਲੀ ਬੋਲੀ ਰਾਤ ਐ
ਜਿੱਥੇ ਚੁੱਪ ਰਹਿਣਾ ਈ ਕਰਾਮਾਤ ਐ

ਅੰਦਰ ਈ ਅੰਦਰ ਵੜ੍ਹਦੇ ਜਾਓ
ਪਾਪ ਦੀ ਪੌੜੀ ਚੜ੍ਹਦੇ ਜਾਓ

ਜਿੰਨ੍ਹੇ ਵੀ ਇਸ ਘਰ ਨੂੰ ਅਪਣਾ ਲਿਆ
ਉਸ ਹੌਲੀ-ਹੌਲੀ ਆਪੇ ਨੂੰ ਗਵਾ ਲਿਆ



ਦਲਜੀਤ ਕੌਰ
ਬੀ. ਏ. ਪਹਿਲਾ ਸਾਲ

# ਕੁਦਰਤ

ਦੁਨੀਆਦਾਰੀ ਨਾਲ ਕੋਈ ਮੋਹ ਨਹੀਂ ਮੈਨੂੰ,
ਬਸ ਕੁਦਰਤ ਹੀ ਏ ਜੋ ਠੱਗਦੀ ਏ ।

ਕੁਝ ਪਲ ਲਈ ਏਹਤੋਂ ਦੂਰ ਹੋਵਾਂ ਜੇ ,
ਕਸਮ-ਏ ਮੌਤ ਵੀ ਹੋ ਸਕਦੀ ਏ।

ਖਾਣਾ ਪੀਣਾ ਛੱਡ ਸਕਦੀ ਆਂ ,
ਪਰ ਤਾਰਿਆਂ ਨਾਲ ਗੱਲਾਂ ਬਾਤਾਂ ਨਈਂ।

ਚੰਨ ਨਾਲ ਵਕਤ ਗੁਜ਼ਾਰੇ ਬਿਨਾ ,
ਚੜ੍ਹਦੀਆਂ ਮੇਰੀਆਂ ਪ੍ਰਭਾਤਾਂ ਨਈਂ।


ਇਹ ਸੋਹਣੀ ਜੋ ਪ੍ਰਕਿਰਤੀ ,
ਮੇਰੀ ਰੂਹ ਦਾ ਆਹਾਰ ਐ।

ਸ਼ੋਹਰਤਾਂ-ਦੌਲਤਾਂ ਨੂੰ ਸਿਫਰਾਂ 'ਚ ਤੋਲਾਂ ,
ਇੰਨਾ ਕੁਦਰਤ ਨਾਲ ਪਿਆਰ ਐ।



ਹਰਬੰਸ ਕੌਰ
ਬੀ. ਸੀ. ਏ. ਤੀਜਾ ਸਾਲ

# ਸ਼ਾਮ





ਸੁਖਬੀਰ ਕੌਰ ਬਾਠ

ਐੱਮ. ਏ. ਪੰਜਾਬੀ.

# ਆਖ ਉਸ ਮਾਹੀ ਨੂੰ

ਜਾ ਕਾਗਾ ਕਿਤੇ ਆਖ ਉਸ ਮਾਹੀ ਨੂੰ

ਛੱਡ ਆਪਣਾ ਤੂੰ ਦੇਸ਼ ਪਰਾਇਆ ਕਾਹਤੋਂ ਮੱਲਿਆ ਈ

ਉਡੀਕਾਂ ਕਰ ਤੇਰੀਆਂ ਇਹ ਅੱਖੀਆਂ ਨੇ ਨਮ ਹੋਈਆਂ

ਪਰਸੋਂ ਦਾ ਕੀਤਾ ਹੋਇਆ ਵਾਅਦਾ ਲੰਘ ਚੱਲਿਆ ਈ

ਕਿਵੇਂ ਆਖਦੈਂ ਬਸੰਤ, ਇਹ ਤਾਂ ਹੈਗਾ ਨਿਰਾ ਅੰਤ

ਮੁੜ ਬਹੁੜਿਆ ਨਹੀਂ ਕੰਤ, ਮੈਂ ਬਥੇਰਾ ਜ਼ੋਰ ਲਾ ਲਿਆ

ਗੱਲ ਹੋਈ ਵੀ ਨਹੀਂ ਕੋਈ, ਇਹ ਵੀ ਜਾਣਦਾ ਏ ਸੋਈ

ਜੱਗੋਂ ਵੱਖਰੀ ਏ ਹੋਈ, ਰੋਗ ਹਿਜ਼ਰਾਂ ਦੇ ਲਾ ਗਿਆ

ਦਿਲ ਗਿਆ ਏ ਓ ਜਿੱਤ, ਨਹੀਂ ਹੋਰਾਂ ਦਾ ਓ ਮਿੱਤ

ਇਹ ਸੋਚ ਲਵਾਂ ਕਿੱਤ, ਪੂਰਾ ਮਨ 'ਚ ਬਿਠਾ ਗਿਆ

ਉਂਕਾਰ ਸਿੰਘ

ਐੱਮ. ਏ. ਪੰਜਾਬੀ



# ਮੇਰੇ ਨਾਲ ਹੋਵੇ

ਸ਼ਾਮ ਢਲੀ ਹੋਵੇ, ਮੈਂ ਕੱਲਾ ਹੋਵਾਂ

ਤੇ ਮਨ 'ਚ ਤੇਰਾ ਖਿਆਲ ਹੋਵੇ

ਮੈਨੂੰ ਇੰਝ ਲੱਗੇ, ਰੱਬ ਨਾਲ਼ ਖੜਾ

ਜਦੋਂ ਤੂੰ ਮੇਰੇ ਨਾਲ ਹੋਵੇ,,

ਮੇਰੇ ਦਿਲ 'ਚ ਤੂੰ ਮਸ਼ਹੂਰ ਹੋਵੇਂ

ਤੇਰੇ ਪਿਆਰ 'ਚ ਮੈਂ ਬਦਨਾਮ ਹੋਵਾਂ

ਪਿਆਰ ਤੇਰੇ ਦਾ ਪੰਛੀ ਬਣ ਕੇ

ਦੂਰ ਦੁਰਾਡੇ ਗੁੰਮਨਾਮ ਹੋਵਾਂ

ਉਂਝ ਪਿਆਰ ਜ਼ੁਲਮ ਤਾਂ ਨਹੀਂ

ਪਰ ਤੇਰੇ ਹੁਸਨ ਦੀਦਾਰ ਦਾ

ਮੇਰੇ 'ਤੇ ਇਲਜ਼ਾਮ ਹੋਵੇ

ਮੈਨੂੰ ਇੰਝ ਲੱਗੇ, ਰੱਬ ਨਾਲ ਖੜਾ

ਜਦੋਂ ਤੂੰ ਮੇਰੇ ਨਾਲ ਹੋਵੇ।



ਜਸ਼ਨਪ੍ਰੀਤ ਸਿੰਘ

ਬੀ. ਏ. ਦੂਜਾ ਸਾਲ

# ਦਿਲ ਦਾ ਬੂਹਾ

ਦਿਲ ਦਾ ਬੂਹਾ ਖੋਲ੍ਹ ਵੇ ਸੱਜਣਾ

ਸ਼ਾਮਾਂ ਪੈ ਗਈਆਂ, ਛੇਤੀ ਬੋਹੜ ਵੇ ਸੱਜਣਾ।

ਮੈਨੂੰ ਤੇਰਾ ਖੋਹ ਜਿਹਾ ਖਾਈ ਜਾਂਦਾ

ਚੇਤਾ ਤੇਰਾ ਕਾਫੀ ਆਈ ਜਾਂਦਾ।

ਅੱਖੋਂ ਉਹਲੇ ਜਿਆਦਾ ਚਿਰ ਰਹਿਆ ਨਹੀਂ ਜਾਂਦਾ

ਦੂਰ ਹੁੰਦਿਆਂ ਨੇੜੇ ਦਾ ਅਹਿਸਾਸ ਆਈ ਜਾਂਦਾ।

ਕੋਈ ਤਾਂ ਹੋਵੇ ਇਹਦਾ ਹੱਲ ਦੱਸਦੇ ਸੱਜਣਾ

ਬਸ ਮੇਰਾ ਤੇਰੇ 'ਤੇ ਨਾ ਚੱਲੇ ਵੱਸ ਸੱਜਣਾ।

**ਰਾਜਨਬੀਰ ਸਿੰਘ**

**ਬੀ. ਐਸ. ਸੀ ਐਗਰੀਕਲਚਰ**

**ਪਹਿਲਾ ਸਾਲ**



# ਲੜ ਨਹੀਂ ਹੋਣਾ

ਮੇਰੇ ਕੋਲ ਪੱਥਰ ਦਾ ਬਣ ਨਹੀਂ ਹੋਣਾ
ਪਿਆਰ ਹੋਰ ਕਿਸੇ ਨੂੰ ਕਰ ਨਹੀਂ ਹੋਣਾ।

ਜੇ ਤੈਨੂੰ ਚੁਣਿਆ ਏ ਰੱਬ ਨੇ ਮੇਰੇ ਲਈ
ਏਵੇਂ ਛੱਲ ਫਰੇਬ ਮੇਰੇ ਤੋਂ ਕਰ ਨਹੀਂ ਹੋਣਾ।

ਸਭ ਕੁਝ ਵਾਰਾਂ ਮੈਂ ਆਪਣਾ ਤੇਰੇ ਤੋਂ
ਕੱਲਿਆਂ ਕਿਸਮਤ ਨਾਲ ਲੜ ਨਹੀਂ ਹੋਣਾ।

ਤੇਰੀ ਖੁਸ਼ੀ ਦੇ ਵਿਚ ਮੇਰੀ ਖੁਸ਼ੀ ਵੱਸਦੀ
ਤੂੰ ਉਦਾਸ ਹੋਵੇ ਜੇ ਮੇਰਾ ਸਰ ਨਹੀਂ ਹੋਣਾ।

ਬੜਾ ਜ਼ਰੂਰੀ ਏ ਤੇਰਾ ਸਾਥ ਮੇਰੇ ਲਈ
ਹੋਰ ਕਿਸੇ ਦਾ ਪੱਲੜਾ ਫੜ ਨਹੀਂ ਹੋਣਾ।




ਮਨਦੀਪ ਸਿੰਘ
ਐੱਮ. ਏ. ਪੰਜਾਬੀ

# ਕਰਾਮਾਤ ਚੰਗੀ ਲਗਦੀ

ਜੇ ਤੂੰ ਪੁਛੇ ਮੈਨੂੰ ਕੁਦਰਤ ਦੀ ਕੀ

ਤੈਨੂੰ ਕਰਾਮਾਤ ਚੰਗੀ ਲਗਦੀ

ਤੇ ਮੈਨੂੰ ਤੇਰੇ ਨਾਲ ਪਾਉਣੀ ਬਾਤ ਚੰਗੀ ਲਗਦੀ

ਜਦ ਤੂੰ ਹੱਸੇ ਤੇ ਮੈਨੂੰ

ਹਵਾਵਾਂ ਗੀਤ ਗਾਉਂਦੀਆਂ ਲਗਦੀਆਂ ਨੇ

ਫਿਰ ਅੱਖਾਂ ਮੀਚਾਂ ਜਦ

ਤੇਰੀਆਂ ਦੀਦਾਂ ਸਤਾਉਂਦੀਆਂ ਲਗਦੀਆਂ ਨੇ

ਹਰ ਵੇਲੇ ਲੈਣੀ ਝਾਤ ਚੰਗੀ ਲਗਦੀ

ਜੇ ਤੂੰ ਪੁਛੇ ਮੈਨੂੰ ਕੁਦਰਤ ਦੀ ਕੀ

ਤੈਨੂੰ ਕਰਾਮਾਤ ਚੰਗੀ ਲਗਦੀ

ਤੇ ਮੈਨੂੰ ਤੇਰੇ ਨਾਲ ਪਾਉਣੀ ਬਾਤ ਚੰਗੀ ਲਗਦੀ

ਤੈਨੂੰ ਲੁਕ ਲੁਕ ਦੇਖਣਾ

ਦੁਖ ਟੁੱਟਦੇ ਅੰਤਾਂ ਦੇ

ਤੇ ਮੈਂ ਤੈਨੂੰ ਸਾਰੀ ਉਮਰ ਲਈ

ਆਪਣੀ ਬਣਾਉਣਾ ਚਾਹੁੰਦਾ ਹਾਂ

ਜੇ ਤੂੰ ਪੁਛੇ ਤੈਨੂੰ ਕੀ ਪਸੰਦ ਆ

ਮੈਂ ਹੱਸ ਕੇ ਕਹਾਂ ਮੈਂ ਜਿੰਦ

ਤੇਰੇ ਨਾਂ ਲਾਉਣਾ ਚਾਹੁੰਦਾ ਹਾਂ

ਉਂਞ ਤਾਂ ਪਿੱਛੇ ਮੁੜਕੇ ਤੱਕਦਾ ਨਹੀਂ

ਪਰ ਤੇਰੀ ਪਿਛੋਂ ਮਾਰੀ

ਮੈਨੂੰ ਹਾਕ ਚੰਗੀ ਲਗਦੀ

ਜੇ ਤੂੰ ਪੁਛੇ ਮੈਨੂੰ ਕੁਦਰਤ ਦੀ ਕੀ

ਤੈਨੂੰ ਕਰਾਮਾਤ ਚੰਗੀ ਲਗਦੀ

ਤੇ ਮੈਨੂੰ ਤੇਰੇ ਨਾਲ ਪਾਉਣੀ ਬਾਤ ਚੰਗੀ ਲਗਦੀ

**ਸ਼ੇਰਾ ਸਿੰਘ**

**ਐੱਮ. ਏ. ਮਿਊਜ਼ਕ**

**ਦੂਜਾ ਸਾਲ**



# ਪੱਥਰ ਦਿਲ ਦੇ

ਮੇਰਾ ਨਾਤਾ ਜੁੜਿਆ ਸਖ਼ਤ ਹਵਾਵਾਂ ਨਾਲ

ਉਸ ਪੱਥਰ ਦਿਲ ਦੇ ਸ਼ੀਸ਼ੇ ਸਖ਼ਤ ਨਿਗਾਹਾਂ ਨਾਲ।

ਓਹ ਵੱਡੇ ਸੀ ਤਾਂ ਲਾਗੋਂ ਨਿਕਲੇ ਹਵਾ ਬਣਗੇ

ਪਰ ਮੇਰਾ ਪੇਚਾ ਪੈਂ ਗਿਆ ਵਿਛੜੇ ਰਾਹਾਂ ਨਾਲ।

ਹਾਂ ਸ਼ੁਰੂ ਸ਼ੁਰੂ 'ਚ ਪਹਿਲਾਂ ਮੈਂ ਵੀ ਰਟਦਾ ਸਾਂ

ਹੁਣ ਬਹੁਤਾ ਫ਼ਰਕ ਨਹੀਂ ਪੈਂਦਾ ਓਦੇ ਨਾਂਵਾਂ ਨਾਲ।

ਜੇ ਇਰਾਦਾ ਪੱਕਾ ਹੁੰਦਾ ਤਾਂ ਮੈਂ ਵੀ ਤਰ ਜਾਂਦਾ

ਪਰ ਬਹੁਤੀ ਬਣਦੀ ਨਹੀਂ ਸੀ ਮੇਰੀ ਸਾਹਾਂ ਨਾਲ।

**ਸੁਖਮਨਜੀਤ ਸਿੰਘ ਬੰਡਾਲਾ**

**ਬੀ. ਏ.**



# ਆਜਾ ਵਾਪਿਸ

ਆਜਾ ਵਾਪਿਸ

ਮੈਂ ਤੈਨੂੰ ਹੀ ਹਰ ਵਕਤ

ਯਾਦ ਕਰਦਾ ਰਹਿੰਦਾ ਆਂ

ਤੇਰੀ ਯਾਦ ਆ ਰਹੀ ਏ ਅੱਜ ਮੈਨੂੰ

ਕਿੰਝ ਸਮਝਾਵਾਂ ਇਸ ਦਿਲ ਨੂੰ

ਕਿ ਤੂੰ ਹੁਣ ਮੁੜ

ਮੇਰੇ ਕੋਲ ਵਾਪਸ ਨਹੀਂ ਆਉਣਾ

ਕਿ ਤੂੰ ਹੁਣ ਮੁੜ

ਮੇਰੇ ਕੋਲ ਵਾਪਸ ਨਹੀਂ ਆਉਣਾ

ਰੱਬ ਕਰੇ ਹੁਣ

ਆਪਣੇ ਕੋਲ ਮੈਨੂੰ ਬੁਲਾ ਲਵੇ

ਰੱਬ ਕਰੇ ਹੁਣ

ਆਪਣੇ ਕੋਲ ਮੈਨੂੰ ਬੁਲਾ ਲਵੇ



ਗੁਰਨੂਰ ਸਿੰਘ ਗੋਰਾਇਆ

ਬੀ. ਵੋਕ. ਫੂਡ ਪਰੋਸੈਸ

ਪਹਿਲਾ ਸਾਲ

# ਗੱਲ ਤਾਂ ਦੱਸ

ਸਾਡੀ ਖਾਮੋਸ਼ੀ ਦਾ ਰਾਜ ਤੇਰੇ ਤੋਂ ਪੁੱਛ ਨੀ ਹੋਣਾ

ਪਰ ਫਿਰ ਵੀ ਸਾਨੂੰ ਸਾਡੀ ਖਾਮੋਸ਼ੀ ਦਾ ਹੱਲ ਤਾਂ ਦੱਸ

ਮੈਂ ਕਹਿਣਾ ਕੁੱਝ ਨੀ ਚਾਹੁੰਦਾ

ਤੂੰ ਆਪਣੇ ਦਿਲ ਦੀ ਗੱਲ ਤਾਂ ਦੱਸ

ਚੱਲ ਇੱਕ ਸ਼ਰਤ ਰੱਖਦੇ ਆ

ਇਕੱਠੇ ਰਹਾਂਗੇ ਆਖਰੀ ਸਾਹ ਤੱਕ

ਤੂੰ ਇਕ ਵਾਰ ਆਪਣਾ ਨਾਂ ਤਾਂ ਦੱਸ

ਬਿਨ ਦੇਖੇ ਮੁਹੱਬਤ ਕਰ ਬੈਠੇ ਆ

ਆਪਣੇ ਹੁਸਨ ਦਾ ਤੂੰ ਗੁੰਮਾਨ ਤਾਂ ਨਾ ਰੱਖ

ਸਾਡੀ ਖਾਮੋਸ਼ੀ ਦਾ ਰਾਜ ਤੇਰੇ ਤੋਂ ਪੁੱਛ ਨੀ ਹੋਣਾ

ਪਰ ਫਿਰ ਵੀ ਤੂੰ ਆਪਣੇ ਪਿਆਰ ਦਾ

ਕੋਈ ਵੱਲ ਤਾਂ ਦੱਸ

ਕੇ ਚੱਲ ਆਪਾਂ ਸ਼ਾਮ ਦੀ ਚਾਹ 'ਤੇ ਮਿਲ਼ਦੇ ਆ

ਤੂੰ ਆਪਣੀ ਮੁਹੱਬਤ ਨੂੰ ਆਪਣੀ ਖਾਮੋਸ਼ੀ 'ਚ ਦੱਸ

ਸ਼ਾਮ ਦੀ ਚਾਹ ਮੈਨੂੰ ਬਹੁਤ ਪਸੰਦ ਏ

ਤੂੰ ਮੇਰੀਆਂ ਗੱਲਾਂ 'ਚ ਆਪਣੀ ਗੱਲ ਤਾਂ ਰੱਖ

ਸੁਣਿਆ ਤੂੰ ਮਹੁੱਬਤ ਕਰਦਾ ਆ

ਤੂੰ ਆਪਣੀ ਮਹੁੱਬਤ ਬਾਰੇ ਮੈਨੂੰ ਤਾਂ ਦੱਸ

ਸਾਡੀ ਖਾਮੋਸ਼ੀ ਦਾ ਰਾਜ ਤੇਰੇ ਤੋਂ ਪੁੱਛ ਨੀ ਹੋਣਾ

ਪਰ ਫਿਰ ਵੀ ਤੂੰ ਅਪਣੀ ਖਾਮੋਸ਼ੀ ਤੋੜੇ ਤਾਂ ਦੱਸ

ਚਲ ਛੱਡ ਹੁਣ ਮਿਲਦੇ ਆ

ਮੇਰੇ ਵੱਲ ਦੇਖ ਤੇ ਥੋੜਾ ਜਿਹਾ ਹੱਸ

ਸੁਣਿਆ ਖਾਮੋਸ਼ੀ ਚੰਗੀ ਨੀ ਹੁੰਦੀ

ਪਰ ਫਿਰ ਵੀ ਤੂੰ ਖਾਮੋਸ਼ੀ ਤੋੜੇ ਤਾਂ ਦੱਸ

ਪਿਆਰ ਆ ਤੇ ਨਾਲ ਤਾਂ ਚਲ

ਸ਼ਰਤ ਏ ਜੇ ਦਿਲ ਤੋੜੇ ਨਾਂ ਤਾਂ ਦੱਸ

ਮੇਰਾ ਨਾਮ ਜੇ ਤੇਰੇ ਨਾਮ ਨਾਲ ਜੁੜੇ

ਇਸਤੋਂ ਚੰਗੀ ਗੱਲ ਕਿਹੜੀ ਆ ਦੱਸ

ਚਲ ਮੇਰੇ ਵੱਲ ਦੇਖ ਤੇ ਥੋੜਾ ਹੱਸ

ਸੁਣਿਆ ਖਾਮੋਸ਼ੀ ਚੰਗੀ ਨੀ ਹੁੰਦੀ

ਜੇ ਤੂੰ ਖਾਮੋਸ਼ੀ ਤੋੜੇ ਤਾਂ ਦੱਸ



ਅਨੂਰ ਮਹਿਗੇੜਾ

ਬੀ. ਏ. ਇੰਗਲਿਸ਼ ਆਨਰਜ਼

ਪਹਿਲਾ ਸਾਲ

# ਮਾਂ

ਦੁਨੀਆਂ ਦੇ ਜਦੋਂ ਮੋਹ ਮਤਲਬੀ ਹੋ ਜਾਵਣ

ਤਾਂ ਓਹਦਾ ਹੀ ਮੈਨੂੰ ਰਾਹ ਰਹਿੰਦਾ

ਡਰ ਨਾ ਲੱਗੇ ਫੇਰ ਕਿਸੇ ਦਾ ਓਹਦਾ ਹਾਂ ਜਦ ਨਾਂ ਲੈਂਦਾ

ਆਪਣੇ ਸੁੱਖ ਪੂਰਨ ਤੋਂ ਪਹਿਲਾਂ ਉਹਨੂੰ ਮੇਰਾ ਚਾਅ ਰਹਿੰਦਾ

ਸੁੱਤੀ ਉੱਠ ਮੇਰਾ ਮੱਥਾ ਚੁੰਮੇ ਜਿਵੇਂ ਮੇਰੇ 'ਚ ਓਹਦਾ ਸਾਹ ਰਹਿੰਦਾ

ਰੱਬ ਦਾ ਦਿੱਤਾ ਅਨਮੋਲ ਤੋਹਫਾ ਜਿਸਨੂੰ ਹਾਂ ਮੈਂ ਮਾਂ ਕਹਿੰਦਾ

ਮੇਰੇ 'ਤੇ ਦੁੱਖ ਆਉਣ ਤੋਂ ਪਹਿਲਾਂ ਹੀ ਤੂੰ ਜਾਵੇ ਖੜ ਮੂਹਰੇ

ਲੋਕਾਂ ਨੂੰ ਖੁਸ਼ ਕਰਨ ਲਈਂ ਮੈਂ ਦੁੱਖ ਦਿੱਤੇ ਤੈਨੂੰ

ਤੂੰ ਕਿਉਂ ਨਾ ਮੈਥੋਂ ਮੁੱਖ਼ ਮੋੜੇ

ਦੁਨੀਆਂ ਮੈਨੂੰ ਭੁੱਲ ਹੀ ਜਾਏ

ਜਦ ਤੇਰੀ ਗੋਦੀ ਸਿਰ ਹੈ ਢਾਹ ਲੈਂਦਾ

ਰੱਬ ਦਿੱਤਾ ਅਨਮੋਲ ਤੋਹਫਾ ਜਿਸਨੂੰ ਹਾਂ ਮੈ ਮਾਂ ਕਹਿੰਦਾ

**ਪੰਕਜ**

**ਬੀ. ਏ. ਦੂਜਾ ਸਾਲ**



# ਸਾਇਆ

ਕਹਿੰਦੇ ਨੇ ਸਿਰ ਤੇ ਜੇ ਛੱਤ ਨਾ ਹੋਵੇ ਤਾਂ ਜ਼ਿੰਦਗੀ ਗੁਜ਼ਾਰੀ ਜਾ ਸਕਦੀ ਹੈ ਪਰ ਜੇਕਰ ਸਿਰ ਤੇ ਪਿਤਾ ਦਾ ਹੱਥ ਨਾ ਹੋਵੇ ਤਾਂ ਜ਼ਿੰਦਗੀ ਦੇ ਵਿਚ ਸਿਰਫ ਹਨ੍ਹੇਰਾ ਹੀ ਰਹਿ ਜਾਂਦਾ ਹੈ। ਕਿਉਂ ਕਿ ਜੋ ਸ਼ਖਸ ਜ਼ਿੰਦਗੀ ਦੀਆਂ ਹਰ ਠੋਕਰਾਂ ਤੋਂ ਸਾਨੂੰ ਬਚਾਉਂਦਾ ਹੋਇਆ ਇਕ ਨਿਸ਼ਚਿਤ ਦਿਸ਼ਾ ਪ੍ਰਦਾਨ ਕਰਦਾ ਹੈ। ਉਸਦੀ ਹੋਂਦ ਦਾ ਮਿੱਟ ਜਾਣਾ ਸਾਡੇ ਲਈ ਇਕ ਅਭੀਸ਼ਾਪ ਬਣ ਜਾਂਦਾ ਹੈ। ਪਿਤਾ ਉਹ ਸ਼ਖਸ ਹੈ ਜੋ ਪਰਿਵਾਰ ਦਾ ਭਾਰ ਚਕਦਿਆਂ ਆਪਣੀਆਂ ਇੱਛਾਵਾਂ ਨੂੰ ਬਹੁਤ ਹੀ ਸੀਮਿਤ ਕਰ ਲੈਂਦਾ ਹੈ। ਉਸਦੀ ਖੁਸ਼ੀ ਸਿਰਫ ਉਸਦੇ ਪਰਿਵਾਰ ਦੀ ਖੁਸ਼ੀ ਨਾਲ ਹੀ ਆਕੀ ਜਾ ਸਕਦੀ ਹੈ। ਪਿਤਾ ਦਾ ਤਿਆਗ ਤੇ ਮਾਂ ਦੀ ਮਮਤਾ ਦਾ ਮੁੱਲ ਜਿੰਦਗੀ ਵਿਚ ਕਦੀ ਨਹੀਂ ਉਤਰਿਆ ਜਾ ਸਕਦਾ। ਇਸੇ ਤਰ੍ਹਾਂ ਹੀ ਕਨਕ ਤੇ ਸੋਨਮ ਦਾ ਪਿਤਾ ਸਤੀਸ਼ ਉਹਨਾਂ ਨਾਲ ਬਹੁਤ ਪਿਆਰ ਕਰਦਾ ਸੀ। ਸਤੀਸ਼ ਆਪਣੇ ਘਰ ਦਾ ਵੱਡਾ ਪੁੱਤਰ ਸੀ ਇਸ ਤੋਂ ਇਲਾਵਾ ਓਸਦਾ ਇਕ ਛੋਟਾ ਭਰਾ ਤੇ ਭੈਣ ਸੀ। ਉਸਦਾ ਛੋਟਾ ਭਰਾ ਰਿੰਕੂ ਬੜਾ ਮਸਤ ਮੌਲਾ ਸੁਭਾਅ ਦਾ ਸ਼ਖਸ ਸੀ। ਸਤੀਸ਼ ਘਰ ਦਾ ਵੱਡਾ ਪੁੱਤਰ ਹੋਣ ਕਰਕੇ ਜ਼ਿੰਮੇਵਾਰੀਆਂ ਨੂੰ ਨਿਭਾਉਣਾ ਛੋਟੇ ਉਮਰੇ ਹੀ ਸਿੱਖ ਗਿਆ ਸੀ। ਸਤੀਸ਼ ਦੀ ਮਾਂ ਪਾਰਲਰ ਤੇ ਦਰਜੀ ਦਾ ਕੰਮ ਕਰਦੀ ਸੀ। ਪਰ ਸਤੀਸ਼ ਦਾ ਪਿਓ ਕੋਈ ਕੰਮ ਕਾਜ ਕਰ ਕੇ ਰਾਜ਼ੀ ਨਹੀਂ ਸੀ। ਉਹ ਮਹੀਨੇ ਦੇ ਸਿਰਫ ਇਕ ਤਿਹਾਈ ਦਿਨ ਹੀ ਕੰਮ ਕਰਦਾ ਸੀ। ਉਸਦੀ ਇਸ ਗ਼ੈਰ ਜ਼ਿੰਮੇਵਾਰੀ ਘਰ ਵਿਚ ਇਕ ਅਸ਼ਾਂਤ ਮਾਹੌਲ ਦਾ ਕਾਰਨ ਬਣ ਗਈ ਸੀ। ਸਤੀਸ਼, ਰਿੰਕੂ ਤੇ ਮੋਨਾ ਆਪਣੇ ਆਪ ਨੂੰ ਇਸ ਕਲੇਸ਼ ਦੇ ਪ੍ਰਭਾਵ ਤੋਂ ਬਚਾ ਨਾ ਸਕੇ। ਉਹਨਾਂ ਦੇ ਵਿਵਹਾਰ ਵਿਚ ਵੀ ਇੱਕ ਤਬਦੀਲੀ ਵੇਖੀ ਜਾ ਸਕਦੀ ਸੀ। ਸਤੀਸ਼ ਦੀ ਮਾਤਾ ਔਖੀ ਸੌਖੀ ਹੋ ਕੇ ਬੱਚਿਆ ਨੂੰ 12 ਜਮਾਤਾਂ ਹੀ ਪੜ੍ਹਾ ਸਕੀ। ਸਤੀਸ਼ ਪੜ੍ਹਾਈ ਦੇ ਨਾਲ ਨਾਲ ਸੁਨਿਆਰੇ ਦਾ ਕੰਮ ਵੀ ਕਰਦਾ ਸੀ। ਓਹਦਾ ਬਚਪਨ

ਉਸ ਤੋਂ ਖ਼ੁੱਸਿਆ ਹੋਇਆ ਨਜ਼ਰ ਆਉਂਦਾ ਸੀ। ਇਸ ਕਰਕੇ ਉਹਦੇ ਸੁਭਾਅ ਵਿਚ ਚਿੜਚਿੜਾਪਨ, ਗੁੱਸਾ, ਦੱਬੀਆਂ ਭਾਵਨਾਵਾਂ ਆਦਿ ਨੇ ਡੇਰਾ ਜਮਾਂ ਲਿਆ ਸੀ। ਉਹ ਕਈ ਵਾਰੀ ਆਪਣੀ ਮਾਂ ਨਾਲ ਝਗੜਨ ਲੱਗ ਪੈਂਦਾ ਸੀ ਤੇ ਕਈ ਵਾਰ ਆਪਣੇ ਅਵੇਸਲੇ ਜਿਹੇ ਪਿਓ ਨਾਲ। ਉਸਦਾ ਲੜਾਈ ਝਗੜਾ ਸਿਰਫ ਆਪਣੇ ਘਰ ਤੱਕ ਹੀ ਸੀਮਿਤ ਨਹੀਂ ਸੀ ਉਹ ਮੁਹੱਲੇ ਵਿਚ ਵੀ ਲੋਕਾਂ ਨਾਲ ਦੋ ਦੋ ਹੱਥ ਕਰਨ ਲਈ ਹਮੇਸ਼ਾ ਤਿਆਰ ਰਹਿੰਦਾ। ਉਸਦੀ ਮਾਂ ਉਸਦੇ ਅਜਿਹੇ ਵਤੀਰੇ ਤੋਂ ਤੰਗ ਆ ਕੇ ਉਸਦਾ ਵਿਆਹ ਕਰ ਕੇ ਉਸਨੂੰ ਇੱਕ ਸਹਿਜੇ ਪਾਸੇ ਲਾਉਣ ਦੀ ਕੋਸ਼ਿਸ਼ ਕਰਦੀ ਹੈ। ਸ਼ਹਿਰ ਵਿਚ ਲੋਕਲ ਹੀ ਤੇਜ ਨਗਰ ਚੌਕ ਤੋਂ ਇਹ ਡੋਲੀ ਘਰ ਲਈ ਆਉਂਦੀ ਹੈ। ਉਸਦੀ ਨੂਹ ਖਾਸਾ ਸਟੈਂਡਰਡ ਮੈਂਟੇਨ ਕਰਨ ਵਾਲਿਆ ਵਿੱਚੋਂ ਲਗਦੀ ਹੈ। ਸਤੀਸ਼ ਬਚਪਨ ਤੋਂ ਹੀ ਇੱਕ ਕੰਮ ਵਿਚ ਲੱਗਾ ਹੋਣ ਕਰਕੇ ਇੱਕ ਤਜਰਬੇਕਾਰ ਕਾਰੀਗਰ ਬਣ ਚੁੱਕਾ ਸੀ। ਜੋ ਕਿ ਉਸਦਾ ਖਰਚਾ ਚੁੱਕਣ ਤੇ ਯੋਗ ਸੀ। ਉਸਦੇ ਕੱਪੜੇ ਦੇਖ ਤਾਂ ਕਈ ਵਾਰੀ ਇਹਦਾ ਲਗਦਾ ਸੀ ਕਿ ਇਹ ਕਪੜਾ ਸ਼ਾਇਦ ਨਵਾ ਮਾਰਕੀਟ ਵਿੱਚ ਆਇਆ ਹੈ।

ਕੁਝ ਸਮਾਂ ਪਾ ਕੇ ਰਿੰਕੂ ਤੇ ਮੋਨਾ ਦਾ ਵੀ ਵਿਆਹ ਹੋ ਜਾਂਦਾ ਹੈ। ਮੋਨਾ ਨੂੰ ਵੀ ਇੱਕ ਚੰਗਾ ਘਰ ਮਿਲ ਜਾਂਦਾ ਹੈ। ਉਹ ਵੀ ਖੁਸ਼ ਹੋ ਕੇ ਆਪਣਾ ਜੀਵਨ ਬਤੀਤ ਕਰਨ ਲੱਗ ਪੈਂਦੀ ਹੈ। ਰਿੰਕੂ ਭਾਵੇਂ ਛੋਟਾ ਸੀ ਪਰ ਉਹ ਸਭ ਤੋਂ ਤੇਜ਼ ਨਿਕਲ ਜਾਂਦਾ ਹੈ ਉਹ ਸੋਨੀਆ ਜੋ ਕੇ ਇਕ ਫੌਜੀ ਦੀ ਕੁੜੀ ਸੀ ਜਿਸ ਨਾਲ ਲਵ ਮੈਰਿਜ ਕਰਵਾ ਲੈਂਦਾ ਹੈ। ਇਹ ਸੁਣ ਕੇ ਸਤੀਸ਼ ਦੀ ਮਾਂ ਦਾ ਦਿਲ ਆਹਤ ਤਾਂ ਹੁੰਦਾ ਹੈ ਪਰ ਉਹ ਖੁਦ ਨੂੰ ਇਹ ਕਹਿ ਕੇ ਸੰਤੁਸ਼ਟ ਕਰ ਲੈਂਦੀ ਹੈ ਕਿ ਚਲੋ ਇਸਦਾ ਵੀ ਘਰ ਵੱਸ ਗਿਆ। ਸਤੀਸ਼ ਦਾ ਅਵਸਾਦ, ਉਸ ਦੀਆਂ ਦੱਬੀਆਂ ਹੋਈਆਂ ਭਾਵਨਾਵਾਂ ਓਸਨੂੰ ਨਸ਼ੇ ਦੇ ਖੂਹ ਵੱਲ ਧੱਕ ਦਿੰਦੀਆਂ ਨੇ। ਉਹ ਨਸ਼ੇ ਦਾ ਆਦੀ ਬਣ ਜਾਂਦਾ ਹੈ ਕੁਝ ਸੰਗਤ ਦਾ ਅਸਰ ਹੋਣ ਕਰਕੇ ਉਹ ਜੂਆ ਵੀ ਖੇਡਣ ਲੱਗ ਪੈਂਦਾ ਹੈ। ਸ਼ਰਾਬ ਪੀ ਕੇ ਉਹ ਰਾਣੀ ਨੂੰ ਕਈ ਮਾੜੀਆਂ ਚੰਗੀਆਂ ਸੁਣਾਉਣ

ਲੱਗ ਪੈਂਦਾ ਹੈ। ਰਾਣੀ ਵੀ ਆਪਣੇ ਆਪ ਨੂੰ ਅਸ਼ਾਂਤ ਮਾਹੌਲ ਵਿਚ ਰਹਿਣਾ ਸਿੱਖ ਲੈਂਦੀ ਹੈ। ਨਵੰਬਰ ਦੀ ਠੰਡ ਦਾ ਮਹੀਨਾ ਹੁੰਦਾ ਹੈ ਸਤੀਸ਼ ਦੇ ਘਰ ਇੱਕ ਬੇਟੀ ਦਾ ਜਨਮ ਹੁੰਦਾ ਹੈ। ਸਾਰਾ ਪਰਿਵਾਰ ਖੁਸ਼ ਹੁੰਦਾ ਹੈ। ਸਾਰਿਆਂ ਦਾ ਮੂੰਹ ਮਿੱਠਾ ਕਰਵਾਇਆ ਜਾਂਦਾ ਹੈ। ਤੇ ਸਤੀਸ਼ ਵੀ ਦਾਰੂ ਨਾਲ ਆਪਣੀ ਖੁਸ਼ੀ ਜ਼ਾਹਿਰ ਕਰਦਾ ਹੈ। ਕਿਉਂ ਕੇ ਇੱਕ ਸ਼ਰਾਬੀ ਲਈ ਦਾਰੂ ਤੋਂ ਵੱਧ ਕੇ ਉਸਨੂੰ ਹੋਰ ਖੁਸ਼ੀ ਕਿੱਥੋਂ ਵੀ ਨਹੀਂ ਮਿਲ ਸਕਦੀ। ਸਤੀਸ਼ ਤੇ ਰਾਣੀ ਉਸਦਾ ਨਾਮ ਕਨਕ ਰੱਖਦੇ ਹਨ। ਕਨਕ ਨੂੰ ਬੜੇ ਨਾਜਾਂ ਨਾਲ ਪਾਲਿਆ ਜਾਂਦਾ ਹੈ। ਸਤੀਸ਼ ਉਸਦੀ ਹਰ ਇੱਕ ਖਵਾਇਸ਼ ਪੂਰੀ ਕਰਨ ਦੀ ਕੋਸਿਸ ਕਰਦਾ ਹੈ। ਕੁਝ ਚਿਰ ਬਾਅਦ ਉਸਦੇ ਘਰ ਇੱਕ ਹੋਰ ਕੁੜੀ ਦਾ ਜਨਮ ਹੁੰਦਾ ਹੈ। ਪਰ ਆਮ ਲੋਕਾਂ ਵਾਂਗ ਇਸ ਵਾਰ ਓਹਨੀ ਖੁਸ਼ੀ ਨਹੀਂ ਜਾਹਰ ਕੀਤੀ ਜਾ ਸਕਦੀ ਜਿੰਨੀ ਕੇ ਕਨਕ ਤੇ ਜਨਮ ਤੇ ਹੋਈ ਸੀ। ਇਹ ਇੱਕ ਪਿਛੜੇ ਹੋਏ ਸਮਾਜ ਦੀ ਪਿਛੜੀ ਹੋਈ ਸੋਚ ਹੈ। ਪਰ ਇਹਨਾਂ ਸਮਾਜਿਕ ਬੁਰਾਈਆਂ ਨੇ ਲੋਕਾਂ ਨੂੰ ਜਕੜ ਲਿਆ ਹੋਇਆ ਹੈ। ਕਨਕ ਤੇ ਸੋਨਮ ਵੱਡੀਆਂ ਹੁੰਦੀਆਂ ਹਨ। ਉਹਨਾਂ ਨੂ ਸਤੀਸ਼ ਇੱਕ ਵਧੀਆ ਸਕੂਲ ਵਿਚ ਪੜ੍ਹਾਉਂਦਾ ਹੈ।

ਹਾਂ ਕਨਕ ਤੇ ਸੋਨਮ ਦੋਵੇਂ ਬੜੀਆਂ ਹੁਸ਼ਿਆਰ ਹੁੰਦੀਆਂ ਨੇ। ਪੜ੍ਹਾਈ ਤੇ ਹਰ ਖੇਤਰ ਵਿਚ ਦੋਵੇਂ ਹਮੇਸ਼ਾ ਪਹਿਲੇ ਸਤਰ ਤੇ ਰਹਿੰਦੀਆਂ ਹਨ। ਸਤੀਸ਼ ਦਾ ਮਨ ਵੀ ਗਦਗਦ ਹੋ ਜਾਂਦਾ ਸੀ ਜਦੋਂ ਦੋਹਾਂ ਦੀਆਂ ਪੜ੍ਹਾਈ ਦੀਆਂ ਉਪਲੱਬਧੀਆਂ ਵੇਖਦਾ ਸੀ। ਉਸਨੂੰ ਉਹਨਾਂ ਤੇ ਭਰੋਸਾ ਹੁੰਦਾ ਹੈ ਕਿ ਮੇਰੀ ਕੁੜੀਆਂ ਮੇਰਾ ਨਾ ਜ਼ਰੂਰ ਰੌਸ਼ਨ ਕਰਨਗੀਆਂ। ਕੁਝ ਦਿਨ ਮਗਰੋਂ ਇੱਕ ਮਹਾਂਮਾਰੀ ਪੂਰੀ ਦੁਨੀਆਂ ਵਿੱਚ ਫੈਲ ਜਾਂਦੀ ਹੈ। ਪੰਜਾਬ ਵੀ ਇਸ ਮਹਾਂਮਾਰੀ ਤੋਂ ਖੁਦ ਨੂੰ ਬਚਾ ਨਹੀਂ ਪਾਇਆ ਸੀ। ਪਰ ਇਸ ਮਹਾਂਮਾਰੀ ਦਾ ਸਤੀਸ਼ ਦੇ ਕੰਮ ਤੇ ਬਹੁਤ ਹੀ ਮਾੜਾ ਅਸਰ ਪੈਂਦਾ ਹੈ। ਉਸਦਾ ਕੰਮ ਘੱਟ ਹੁੰਦਾ ਹੁੰਦਾ ਇਕਦੱਮ ਬੰਦ ਹੋ ਜਾਂਦਾ ਹੈ। ਉਸਦੀ ਵੱਡੀ ਕੁੜੀ ਕਨਕ ਟਿਊਸ਼ਨ ਪੜ੍ਹਾਉਣ ਬਾਰੇ ਸੋਚਦੀ ਹੈ। ਕੁਝ ਪੈਸੇ ਜੋੜਨ ਵਿਚ ਉਹ ਕਾਮਯਾਬ ਤਾਂ ਹੁੰਦੀ ਹੈ ਪਰ ਉਹ ਵਿਚਾਰੀ

'ਕੱਲੀ ਘਰ ਦੇ ਸਾਰੇ ਜੀਆਂ ਦਾ ਖਰਚਾ ਤਾਂ ਨਹੀਂ ਚੁੱਕ ਸਕਦੀ ਸੀ। ਸਤੀਸ਼ ਕੁਝ ਦੋਸਤਾਂ ਨਾਲ ਸਲਾਹ ਬਣਾ ਕੇ ਸਬਜ਼ੀ ਦੀ ਰੇਹੜੀ ਲਾਉਣ ਲਈ ਤਿਆਰ ਹੁੰਦਾ ਹੈ। ਕਿਉਂ ਕਿ ਸਾਰੇ ਦੇਸ਼ ਵਿਚ ਮਹਾਂਮਾਂਰੀ ਦੇ ਚਲਦੇ ਲੋਕਡਾਊਨ ਵਰਗੀ ਸਥਿਤੀ ਸੀ। ਜ਼ਰੂਰੀ ਚੀਜਾਂ ਨੂੰ ਛੱਡ ਕੇ ਕਿਸੀ ਚੀਜ ਨੂੰ ਵੇਚਣ ਦੀ ਇਜ਼ਾਜ਼ਤ ਨਹੀਂ ਸੀ। ਕੁਝ ਦਿਨ ਸਤੀਸ਼ ਸਬਜ਼ੀ ਦਾ ਕੰਮ ਕਰਦਾ ਹੈ ਪਰ ਆਪਣੇ ਸੁਭਾਅ ਦੇ ਚਲਦਿਆਂ ਉਹ ਆਪਣੇ ਦੋਸਤਾਂ ਨਾਲ ਝਗੜ ਜਾਂਦਾ ਹੈ ਤੇ ਉਸਦਾ ਇਹ ਕੰਮ ਵੀ ਠੱਪ ਹੋ ਜਾਂਦਾ ਹੈ। ਫਿਰ ਉਸਨੂੰ ਕਰਜੇ ਲੈਣ ਤੋਂ ਇਲਾਵਾਂ ਕੋਈ ਰਾਹ ਨਹੀਂ ਸੁਝਦਾ। ਉਹ ਆਪਣੇ ਆਪ ਨੂੰ ਕਰਜਿਆਂ ਦੀ ਮਿੱਟੀ ਥੱਲੇ ਨੱਪ ਲੈਂਦਾ ਹੈ। ਮਹਾਮਾਰੀ ਖ਼ਤਮ ਹੋ ਜਾਣ ਮਗਰੋਂ ਉਹ ਫਿਰ ਤੋਂ ਆਪਣਾ ਕੰਮ ਸ਼ੁਰੂ ਕਰਦਾ ਹੈ ਪਰ ਉਸਦਾ ਕੰਮ ਉਹ ਰਫ਼ਤਾਰ ਨਹੀਂ ਫੜਦਾ ਜਿਸ ਰਫ਼ਤਾਰ ਨਾਲ ਪਹਿਲਾ ਚਲਦਾ ਸੀ। ਅਵਸਾਦ ਉਸਨੂੰ ਸ਼ਰਾਬ ਦਾ ਆਦੀ ਬਣਾ ਹੀ ਚੁੱਕੀ ਸੀ। ਘਰ ਦੇ ਵਿਚ ਅਸ਼ਾਂਤੀ ਦਾ ਮਾਹੌਲ ਹੁਣ ਹਿੰਸਕ ਰੂਪ ਧਾਰ ਚੁੱਕਿਆ ਸੀ। ਉਹ ਕਈ ਵਾਰ ਆਪਣੇ ਭਰਾ ਨਾਲ ਵੀ ਦੋ ਦੋ ਹੱਥ ਕਰਨ ਵਿਚ ਪਿੱਛੇ ਨਹੀਂ ਹਟਦਾ ਸੀ। ਗਾਲਾਂ ਤਾਂ ਉਸਦੀ ਜੁਬਾਨ ਉੱਤੇ ਹਮੇਸ਼ਾ ਮੌਜੂਦ ਹੁੰਦੀਆਂ ਸੀ। ਇੱਕ ਦਿਨ ਇਹੀ ਕਲੇਸ਼ ਉਸਦੀ ਮੌਤ ਦਾ ਕਾਰਨ ਬਣ ਜਾਂਦਾ ਹੈ। ਉਹ ਕਨਕ,ਸੋਨਮ ਤੇ ਰਾਣੀ ਨੂੰ ਆਪਣੇ ਸਹੁਰੇ ਛੱਡ ਕੇ ਆਉਂਦਾ ਹੈ ਤੇ ਜ਼ਹਿਰ ਖਾ ਕੇ ਆਪਣੀ ਜਾਨ ਲੈ ਲੈਂਦਾ ਹੈ। ਸਾਰੇ ਘਰ ਵਿਚ ਅਫ਼ਰਾ ਤਫ਼ਰੀ ਮੱਚ ਚੁੱਕੀ ਸੀ। ਰਾਣੀ ਨੂੰ ਵੀ ਫੋਨ ਤੇ ਇਸਦੀ ਜਾਣਕਾਰੀ ਮਿਲਦੀ ਹੈ। ਸਤੀਸ਼ ਦੀ ਪਤਨੀ ਅਤੇ ਉਸ ਦੀਆਂ ਕੁੜੀਆਂ ਲਈ ਇਹ ਬਰਦਾਸ਼ਤ ਕਰਨਾ ਸੁੱਕੇ ਗੰਨੇ ਵਿੱਚੋ ਰੋਹ ਕੱਢਣ ਦੇ ਬਰਾਬਰ ਸੀ। ਪੁਲਸ ਤੋਂ ਵੀ ਇਹ ਗੱਲ ਜ਼ਿਆਦਾ ਦੂਰੀ ਨਾ ਬਣਾ ਸਕੀ। ਰਾਣੀ ਆਪਣੇ ਪੇਕੇ ਤੋਂ ਤੁਰ ਕੇ ਸਿੱਧਾ ਆਪਣੇ ਘਰ ਪੁੱਜਦੀ ਹੈ। ਉਹ ਆਪਣੀ ਅੱਖਾਂ ਤੋਂ ਆਉਂਦਿਆਂ ਅੱਥਰੂਆਂ ਦੀ ਰਫ਼ਤਾਰ ਨੂੰ ਰੋਕਣ ਵਿੱਚੋ ਅਸਮਰਥ ਸੀ। ਉਸ ਦੀਆਂ ਦੋਵੇਂ ਕੁੜੀਆਂ ਜੋਂ ਕਿ ਅਨਾਥ ਹੋ ਚੁੱਕੀਆਂ ਸਨ। ਆਪਣੇ ਪਿਤਾ ਨੂੰ ਪੁਕਾਰ ਰਹੀਆਂ ਸਨ। ਪਰ ਉਨ੍ਹਾਂ ਦਾ ਪਿਤਾ ਸਦਾ ਦੀ

ਨੀਂਦ ਸੌਂ ਚੁੱਕਾ ਸੀ। ਉਸ ਦੀਆਂ ਬੇਟੀਆਂ ਦੀ ਦਸ਼ਾ ਤਰਸਯੋਗ ਹੋ ਚੁੱਕੀ ਸੀ। ਉਨ੍ਹਾਂ ਦੇ ਚਿਹਰੇ ਤੋਂ ਬੇਬਸੀ ਝਲਕ ਰਹੀ ਸੀ। ਰਾਣੀ ਆਪਣੇ ਦਿਓਰ ਤੇ ਸੱਸ 'ਤੇ ਆਪਣੇ ਪਤੀ ਦਾ ਇਲਜ਼ਾਮ ਲਗਾਉਣਾ ਸ਼ੁਰੂ ਕਰ ਦਿੰਦੀ ਹੈ। ਇਸ ਬਦਨਾਮੀ ਦੇ ਡਰ ਤੋਂ ਉਹ ਸਾਰੇ ਘਰ ਛੱਡ ਕੇ ਚਲੇ ਜਾਂਦੇ। ਪਰ ਕੁਛ ਦਿਨ ਬਾਅਦ ਜਦੋਂ ਮਾਮਲਾ ਥੋੜਾ ਸ਼ਾਂਤ ਹੁੰਦਾ ਹੈ ਸਾਰੇ ਪਰਿਵਾਰ ਫੇਰ ਤੋਂ ਰਾਣੀ ਨਾਲ ਰਹਿਣ ਲਗਦਾ ਹੈ।

ਰਾਣੀ ਹੁਣ ਦੋਨਾਂ ਬੱਚੀਆਂ ਦੀ ਮਾਤਾ ਪਿਤਾ ਦੋਨੋ ਬਣ ਚੁੱਕੀ ਸੀ। ਉਹ ਕੁਝ ਨੌਕਰੀ ਕਰਦੀ ਹੈ ਤੇ ਆਪਣੀ ਬੱਚਿਆਂ ਦੀ ਪੜਾਈ ਵਿਚ ਕੋਈ ਰੁਕਾਵਟ ਨਹੀਂ ਆਉਣ ਦਿੰਦੀ। ਇਸ ਤਰ੍ਹਾਂ ਉਹ ਆਪਣਾ ਗੁਜ਼ਾਰਾ ਕਰਦੀ ਹੈ ਕਿ ਹੋ ਸਕੇ ਤਾਂ ਉਸ ਦੀਆਂ ਬੇਟੀਆਂ ਉਸਦੀ ਬੰਜ਼ਰ ਜਮੀਨ ਵਿਚ ਫੇਰ ਤੋਂ ਖੁਸ਼ੀਆਂ ਦਾ ਬੀਜ ਬੀਜਣਗੀਆਂ।

**ਅਰਚਿਤ ਪਾਂਡੇ**

**ਬੀ. ਏ.**



# ਸਿਖ਼ਰ ਦੁਪਹਿਰ ਦੇ ਵਰਗਾ

ਕਦੇ ਕਦੇ ਉਹ ਲੱਗਦੈ ਮੈਨੂੰ,

ਰਾਤ ਦੇ ਚੌਥੇ ਪਹਿਰ ਦੇ ਵਰਗਾ।

ਕਦੇ ਸੱਜਰ ਸਵੇਰ ਦੇ ਵਰਗਾ,

ਕਦੇ ਸਿਖ਼ਰ ਦੁਪਹਿਰ ਦੇ ਵਰਗਾ।

ਕਦੇ ਕਦੇ ਮੈਨੂੰ ਲੱਗਦਾ ਉਹ,

ਬਾਤਾਂ ਤਾਰਿਆਂ ਨਾ ਪਾਵੇ।

ਕਦੇ ਕਦੇ ਉਹ ਆਪ ਵੀ ਚੰਦਰਾ,

ਤਾਰਾ ਈ ਨਜ਼ਰੀ ਆਵੇ।

ਕਦੇ ਲੱਗੇ ਉਹ ਸੂਰਜ ਬਣਿਆ,

ਤੇ ਨਜ਼ਰਾਂ ਨੂੰ ਚੁੰਧਿਆਵੇ।

ਕਦੇ ਲੱਗੇ ਉਹ ਚੰਨ ਤੋਂ ਸੋਹਣਾ,

ਸੁਹੱਪਣ ਡੁੱਲ੍ਹ ਡੁੱਲ੍ਹ ਜਾਵੇ।

ਕਦੇ ਲੱਗੇ ਉਹ ਮੇਰੂ ਵਰਗਾ,

ਜਿੱਥੇ ਚੰਦਨ ਭਰੀਆਂ 'ਵਾਵਾਂ।

ਕਿਤੇ ਪਾਏ ਭੁਲੇਖਾ ਫੁੱਲਾਂ ਵਾਂਗੂੰ,

ਮੈਂ ਸੁੰਗਧੀਆਂ ਲੁੱਟਣ ਜਾਵਾਂ।

ਕਦੇ ਕਦੇ ਉਹ ਪੰਖੀ ਜਾਪੇ,

ਜਿਵੇਂ ਦਿਖਾਉਂਦੈ ਉਹ ਅਦਾਵਾਂ।

ਚਿੱਤ ਕਰੇ ਉਹਦੇ ਨਾਲ਼ ਹੀ ਉੱਡਜਾ,

ਤੇ ਦੂਰ ਉਡਾਰੀ ਲਾਵਾਂ।

ਉਹ ਤਾਂ ਕੋਮਲ ਦੇਹੀਆਂ ਵਰਗਾ,

ਜਿਹਦੇ ਵਿਚ ਭਰੀਆਂ ਸਾਹਾਂ।

ਉਹ ਬੈਕੁੰਠ ਦੇ ਧਾਮ ਦੇ ਵਰਗਾ,

ਤੇ ਉਹ ਵਾਂਙ ਬਹਿਸ਼ਤੀ ਰਾਹਾਂ।

ਉਹ ਧਰਤੀ ਦੇ ਵਰਗਾ ਦੀਹਦਾ,

ਉਹ ਨਿਵਿਆ ਵਾਂਗ ਹੈ ਘਾਹਾਂ।

ਆਪਣਾ ਦਿਲ ਉਹਦੇ ਉੱਤੋਂ ਵਾਰ ਕੇ,

ਉਹ ਦੀ ਨਜ਼ਰ ਮੈਂ ਲਾਹਾਂ।

ਮਿੱਟੀਆਂ ਵਿਚ ਰਮਿਆ ਹੋਇਆ,

ਕਦੇ ਖੇਤ ਬਣ ਲਹਿਰਾਏ।

ਕਦੇ ਕਦੇ ਤਾਂ ਵਾਂਗ ਪਹਾੜਾਂ,

ਉਹ ਉੱਚਾ ਜਿਹਾ ਨਜ਼ਰੀ ਆਏ।

ਜਿੰਨੇ ਵੀ ਨੇ ਝਰਨੇ ਤੇ ਚਸ਼ਮੇ,

ਉਹਦੀ ਛੋਹ ਦੇ ਜਾਏ।

ਉਹਨੇ ਇੱਕ ਤੱਕਣੀ ਦੇ ਨਾਲ਼,

ਹਵਾਵਾਂ 'ਚ ਰੰਗ ਉਡਾਏ।

ਉਹ ਬੱਦਲਾਂ ਦੇ ਵਰਗਾ ਦਿਖਦੈ,

ਕਦੇ ਹਾਣੀ ਅੰਬਰ ਦਾ।

ਕਦੇ ਲੱਗੇ ਅਠਖੇਲੀਆਂ ਕਰਦਾ,

ਜੋਂ ਪਾਣੀ ਸਮੰਦਰ ਦਾ।

ਸੋਚਾਂ ਅੰਦਰ ਡੁੱਬਾਂ ਤਾਂ ਜਾਪੇ,

ਭੇਸ ਧਾਰੇ ਜਿਉਂ ਖੰਡਰ ਦਾ।

ਕਦੇ ਤਾਂ ਲੱਗੇ ਸੱਤ ਪਰਾਇਆ ,

ਕਦੇ ਲੱਗੇ ਅੰਗ ਅੰਦਰ ਦਾ।

**ਸਾਹਿਬਜੀਤ ਸਿੰਘ**

**ਬੀ. ਏ. ਤੀਜਾ ਸਾਲ**



# ਕੁਦਰਤ ਕੌਰ

ਤੇਰੇ ਵਰਗੀ ਹੋਰ ਨਾ ਕੋਈ ਹੋਣੀ ਏ

ਤੂੰ ਭੋਲ਼ੀ ਭਾਲੀ ਸ਼ਕਲੋਂ ਵੀ ਮਨਮੋਹਣੀ ਏ

ਚਿੱਤ ਕਰੇ ਮੈਂ ਤੈਨੂੰ ਹੀ ਸਦਾ ਤੱਕਦਾ ਰਹਾਂ

ਤੂੰ ਰੱਬ ਦੇ ਘਰੋਂ ਭੇਜੀ ਕੋਈ ਪਰ੍ਹਾਉਣੀ ਏ

ਹਾਂ ਰੱਬ ਨੇ ਵੀ ਕੋਈ ਡਾਢਾ ਜੰਤਰ ਲਾਇਆ ਹੋਊ

ਕਸਮੀਂ ਗੱਲ ਏ ਜਦ ਵੀ ਤੈਨੂੰ ਬਣਾਇਆ ਹੋਊ

ਗੋਰੇ ਮੋਤੀਆਂ ਵਰਗੇ ਦੰਦ ਲਗਾਏ ਨੇ

ਇਹ ਦੰਦ ਤਾਂ ਸੱਚੀ ਵਿਚ ਜੰਨਤਾਂ ਤੋਂ ਆਏ ਨੇ

ਕੇਸ ਤੇਰੇ ਮੁਟਿਆਰੇ ਕਹਿਣੋਂ ਬਾਹਰੇ ਨੇ

ਜੋ ਵਿਚ ਚੁੰਨੀ ਦੇ ਰੀਝਾਂ ਨਾਲ ਸਵਾਰੇ ਨੇ

ਜਦ ਵੀ ਕੋਈ ਗੱਲ ਕਰਕੇ ਤੂੰ ਹੱਸਦੀ ਏ

ਤੂੰ ਲੱਖਾਂ ਹੀ ਜੰਨਤਾਂ ਨੂੰ ਲੈਨੀ ਠੱਗਦੀ ਏ

ਕੱਦ ਤੇਰਾ ਥੋੜਾ ਨਿੱਕਾ ਸਰੀਰ ਕਮਜ਼ੋਰੀ ਏ

ਖਿੜ ਖਿੜ ਕੇ ਮੈਨੂੰ ਬੋਲੇ ਆਕੜ ਵੀ ਖੋਰੀ ਏ

ਕੀ ਕਹਾਂ ਕੀ ਨਾ ਕਹਾਂ ਸਮਝ ਨਹੀਂ ਓ ਆਂਵਦੀ

ਖੁਦਾ ਦਾ ਕ੍ਰਿਸ਼ਮਾਂ ਤੂੰ ਆਪ ਬਣੀ ਜਾਂਵਦੀ

ਚੱਲ ਬੱਸ ਕਰ ਸੁੱਖ ਏ ਤਾਂ ਹੁਣ ਰੱਬ ਦੀ ਤੌਹੀਨ ਆ

ਤੂੰ ਏਦਾਂ ਹੁਣ ਲੱਗੇ ਜਿਵੇਂ ਕਿਸੇ ਪਾਣੀ ਵਿਚ ਮੀਨ ਆ

ਤੈਨੂੰ ਨਾ ਕੁਝ ਹੋਏ, ਇਹੀ ਦਾਤ ਦਾਤਾ ਚਾਹਵਾਂ ਮੈਂ

ਆਈ ਹੋਵੇ ਤੇਰੀ ਪਰ ਦੁਨੀਆਂ ਤੋ ਜਾਵਾਂ ਮੈਂ



**ਸੁਖਮਨਜੀਤ ਸਿੰਘ ਬੰਡਾਲਾ**

**ਬੀ. ਏ.**

# ਉਮੀਦ ਨਹੀਂ (ਭਾਗ ਦੂਜਾ)

ਫ਼ੂਨ ਦੀ ਬੈੱਲ ਉੱਚੀ-ਉੱਚੀ ਵੱਜ ਰਹੀ ਸੀ। ਮੈਂ ਤਾਂ ਨੀਂਦ ਵਿੱਚ ਅੱਧ ਮਰਿਆਂ ਵਾਂਗ ਇਸ ਕਦਰ ਪਈ ਸੀ ਕਿ ਭੋਰਾ ਵੀ ਸੁਰਤ ਨਹੀਂ ਸੀ। ਫ਼ੂਨ ਵਾਰ-ਵਾਰ ਵੱਜ ਰਿਹਾ ਸੀ। ਫ਼ੂਨ ਦੀ ਆਵਾਜ਼ ਨੇ ਮੇਰੀ ਨੀਂਦ ਉਡਾ ਦਿੱਤੀ। ਮੈਂ ਮੀਟੀਆਂ ਅੱਖੀਆਂ ਨੂੰ ਖੋਲ੍ਹਦੇ ਫ਼ੂਨ ਦੇਖਿਆ ਤਾਂ ਤਿੰਨ ਮਿਸ ਕਾਲਾਂ ਸਨ। ਸਭ ਸੁਖਮਨ ਦੀਆਂ। ਮੈਂ ਵਕਤ ਦੇਖਿਆ ਤਾਂ ਸਾਢੇ ਸੱਤ ਵੱਜ ਰਹੇ ਸੀ। ਮੈਂ ਕਾਹਲੀ ਨਾਲ ਉੱਠਣ ਹੀ ਲੱਗੀ ਕਿ ਫਿਰ ਤੋਂ ਫ਼ੂਨ ਦੀ ਬੈੱਲ ਵੱਜੀ। ਅਜੇ ਥੋੜੀ ਜਿਹੀ ਹੀ ਬੈੱਲ ਵੱਜੀ ਕਿ ਮੈਂ ਉਸੇ ਵੇਲੇ ਹੀ ਫ਼ੂਨ ਚੁੱਕ ਲਿਆ ਤਾਂ ਸੁਖਮਨ ਬੋਲੀ...

"ਕਿੱਥੇ ਮਰੀ ਏ? ਕਦੋਂ ਦੀ ਫ਼ੂਨ ਕਰਨ ਡਈ ਮੈਂ।"

"ਕੀ ਹੋਇਆ ਏ? ਏਨੀ ਸਵੱਖਤੇ ਕਿਉਂ ਐਨੇ ਫ਼ੂਨ ਕਰੀ ਜਾਂਦੀ ਏ?"

"ਹੋਇਆ ਤਾਂ ਕੁਝ ਨਹੀਂ ਬਸ ਮੈਂ ਕਹਿਣਾ ਸੀ ਕਿ ਅੱਜ ਮੈਂ ਕਾਲਜ ਨਹੀਂ ਆਉਣਾ।"

"ਕਿਉਂ ਤੂੰ ਕਿੱਥੇ ਚੱਲੀ ਏ?"

"ਕੁਝ ਨਹੀਂ ਯਾਰ। ਮਾਸੀ ਹੁਣੀ ਆਏ ਆ ਰਾਤ ਦੇ ਉਹਨਾਂ ਨਾਲ ਦਰਬਾਰ ਸਾਹਿਬ ਜਾਣਾ। ਨਾਲੇ ਇੱਕ ਦੋ ਹੋਰ ਕੰਮ ਵੀ ਆ। ਇਸ ਲਈ ਮੈਂ ਸੋਚਿਆ ਛੁੱਟੀ ਹੀ ਕਰ ਲੈਂਦੀ ਆ।"

"ਆਜਾ ਹਾਂ ਯਾਰ ਕਾਲਜ, ਮੈਂ ਕੱਲੀ ਕੀ ਕਰੂੰਗੀ?"

"ਲੈਕਚਰ ਲਗਵਾਈ ਹੋਰ ਦੱਸ ਤੂੰ ਕੀ ਕਰਨਾ ਈ?"

"ਸੁਖਮਨ ਆਜਾ ਯਾਰ ਅੱਜ। ਫਿਰ ਜਿਸ ਦਿਨ ਮਰਜੀ ਛੁੱਟੀ ਕਰ ਲਵੀਂ।"

"ਕੀ ਹੋਇਆ ਠੀਕ ਤਾਂ ਹੈ ਨਾ ਸਭ? ਰੋਈ ਕਿਉਂ ਜਾਂਦੀ ਏ?"

"ਮੈਂ ਕਦ ਰੋ ਰਹੀ?"

"ਗੱਲਾਂ ਤੇਰੀਆਂ ਤੋਂ ਤਾਂ ਇੰਝ ਲੱਗਦਾ। ਕਿਤੇ ਗੋਵਿੰਦ ਨਾਲ ਤਾਂ ਨਹੀਂ ਕੋਈ ਗੱਲ ਹੋਈ?"

"ਤੂੰ ਆਜਾ ਅੱਜ ਕਾਲਜ ਫਿਰ ਬੈਠ ਸਾਰੀ ਗੱਲ ਦੱਸਾਂਗੀ?"

"ਲੱਗਦਾ ਫਿਰ ਤੂੰ ਕੋਈ ਨਵਾਂ ਚੰਨ ਚਾੜ ਦਿੱਤਾ ਈ। ਚੱਲ ਕੋਈ ਨਾ ਦੇਖਦੀ ਆ। ਕੋਸ਼ਿਸ਼ ਕਰੂੰਗੀ।"

"ਹਾਂ ਆਜਾ। ਜਰੂਰੀ ਆ।"

ਉਸਨੇ ਫੂਨ ਕੱਟ ਦਿੱਤਾ। ਉਸਦੇ ਫੂਨ ਕਰਦੇ ਹੀ ਮੈਂ ਕਾਹਲੀ ਨਾਲ ਉੱਠ ਨਹਾਤੀ ਤੇ ਤਿਆਰ ਹੋ ਬਿਨਾਂ ਕੁਝ ਖਾਧੇ-ਪੀਤੇ ਹੀ ਕਾਲਜ ਨੂੰ ਚੱਲ ਪਈ। ਮੈਂ ਬਥੇਰੀ ਕਾਹਲੀ ਕੀਤੀ ਪਰ ਫਿਰ ਵੀ ਮੈਨੂੰ ਪੌਣੇ ਨੌਂ ਦਾ ਵਕਤ ਹੋ ਹੀ ਗਿਆ। ਮੈਂ ਛੇਤੀ-ਛੇਤੀ ਨਾਲ ਪੈਰ ਪੁੱਟੇ।

ਮੈਂ ਰੋਜ ਦੀ ਤਰ੍ਹਾਂ ਫਿਰ ਤੋਂ ਡਾ. ਅੰਬੇਦਕਰ ਚੌਂਕ ਵਿੱਚ ਖੜੀ ਬੱਸ ਦੀ ਉਡੀਕ ਕਰਨ ਲੱਗ ਪਈ। ਮੈਂ ਵਾਰ-ਵਾਰ ਹੱਥ ਤੇ ਬੰਨ੍ਹੀ ਸੋਨਾਟਾ ਦੀ ਘੜੀ ਨੂੰ ਦੇਖਦੀ। ਇੰਝ ਜਾਪ ਰਿਹਾ ਸੀ ਜਿਵੇਂ ਘੜੀ ਦੀਆਂ ਸੂਈਆਂ ਬੜੀ ਹੀ ਰਫਤਾਰ ਨਾਲ ਅੱਗੇ ਨੂੰ ਵੱਧਦੀਆਂ ਜਾਂਦੀਆਂ ਹੋਣ। ਪੰਜ ਕੁ ਮਿੰਟ ਇੰਤਜ਼ਾਰ ਕਰਨ ਪਿੱਛੋਂ ਬੱਸ ਆ ਗਈ। ਮੈਂ ਬੱਸ ਵਿੱਚ ਇੱਕ ਸ਼ੀਟ ਉੱਪਰ ਬੈਠੀ ਤੇ ਮੇਰੇ ਮਨ ਵਿੱਚ ਰਾਤ ਵਾਲੀ ਘਟਨਾ ਘੁੰਮਣ ਲੱਗੀ। ਗੋਵਿੰਦ ਦਾ ਚਿਹਰਾ ਵਾਰ-ਵਾਰ ਮੇਰੀਆਂ ਅੱਖਾਂ ਸਾਹਮਣੇ ਘੁੰਮਦਾ ਜਾ ਰਿਹਾ ਸੀ। ਮੈਨੂੰ ਆਪਣੇ ਆਪ ਉੱਪਰ ਇਸ ਗੱਲ ਦੀ ਸ਼ਰਮਿੰਦਗੀ ਵੀ ਸੀ ਕਿ ਮੈਂ ਗੋਵਿੰਦ ਨਾਲ ਕਿੰਝ ਜਬਰਦਸਤੀ ਰਿਸ਼ਤਾ ਬਣਾਉਣ ਦੀ ਕੋਸ਼ਿਸ਼ ਕਰ ਰਹੀ ਹਾਂ ਪਰ ਮੇਰਾ ਖੁਦ ਤੇ ਵੱਸ ਨਹੀਂ ਸੀ ਚੱਲ ਰਿਹਾ। ਮੈਂ ਮਨ ਨੂੰ ਟਿਕਾਉਣ ਲਈ ਮੂੰਹ ਵਿੱਚ ਜਪੁਜੀ ਸਾਹਿਬ ਦਾ ਪਾਠ ਕਰਨ ਲੱਗੀ। ਅਜੇ ਮੈਂ ਪਹਿਲੀਆਂ ਸੱਤ ਪੌੜੀਆਂ ਹੀ ਮਨ ਵਿੱਚ ਪੜ੍ਹੀਆਂ ਕਿ ਕਾਲਜ ਆ ਗਿਆ। ਮੈਂ ਫਤਿਹ ਬੁਲਾਈ ਤੇ ਬੱਸ ਵਿੱਚੋਂ ਉੱਤਰ ਕਾਲਜ ਦੇ ਅੰਦਰ ਚਲੀ ਗਈ। ਮੈਂ ਕਾਲਜ ਵੜਦੇ

ਹੀ ਸੁਖਮਨ ਨੂੰ ਫੂਨ ਲਾਇਆ। ਮੈਨੂੰ ਪਤਾ ਨਹੀਂ ਸੀ ਕਿ ਉਹ ਕਾਲਜ ਆਈ ਵੀ ਹੈ ਜਾਂ ਨਹੀਂ। ਬੈੱਲ ਵੱਜਦੇ ਹੀ ਉਸਨੇ ਫੂਨ ਚੁੱਕ ਲਿਆ। ਉਹ ਕਾਲਜ ਆ ਗਈ ਸੀ। ਉਸਨੇ ਮੈਨੂੰ ਪੰਜਾਬੀ ਵਿਭਾਗ ਦੇ ਸਾਹਮਣੇ ਆਉਣ ਲਈ ਕਿਹਾ। ਮੈਂ ਪਹੁੰਚੀ ਤੇ ਅਸੀਂ ਮਿਲੀਆਂ। ਫਿਰ ਅਸੀਂ ਲੈਕਚਰ ਹਾਲ ਵਿੱਚ ਗਈਆਂ ਤਾਂ ਦੇਖਿਆ ਅਜੇ ਕਲਾਸ ਵਿੱਚ ਪ੍ਰੋਫੈਸਰ ਨਹੀਂ ਸਨ ਆਏ ਹੋਏ। ਅਸੀਂ ਸਭ ਨਾਲ ਹੱਥ ਮਿਲਾਏ। ਮੇਰਾ ਧਿਆਨ ਗੋਵਿੰਦ ਵਿੱਚ ਸੀ। ਉਹ ਕਿੱਧਰੇ ਨਜ਼ਰ ਨਹੀਂ ਸੀ ਆਉਂਦਾ। ਅਦਿੱਤੀ ਵੀ ਨਹੀਂ ਸੀ ਨਜ਼ਰ ਆ ਰਹੀ। ਉਂਞ ਬਾਕੀ ਗੋਵਿੰਦ ਦੇ ਸਭ ਯਾਰ ਤਾਂ ਕਲਾਸ ਵਿੱਚ ਸਨ। ਪਰ ਉਹ ਦੋਵੇਂ ਨਹੀਂ ਸਨ। ਮੇਰੇ ਮਨ ਵਿੱਚ ਬੇਚੈਨੀ ਵੱਧਦੀ ਜਾ ਰਹੀ ਸੀ। ਇੰਞ ਲੱਗ ਰਿਹਾ ਸੀ ਜਿਵੇਂ ਬਸ ਸਾਹ ਰੁਕਣ ਹੀ ਵਾਲੇ ਹੋਣ। ਘਬਰਾਹਟ ਜਿਹੀ ਹੋਈ ਜਾਵੇ। ਮੈਂ ਬੈਠੀ ਸੀ ਤੇ ਧਿਆਨ ਮੇਰਾ ਸਾਹਮਣੇ ਬੂਹੇ ਵੱਲ ਸੀ ਕਿ ਕਦ ਗੋਵਿੰਦ ਉਸ ਬੂਹੇ ਰਾਹੀਂ ਅੰਦਰ ਆਵੇਗਾ। ਉਹ ਤਾਂ ਨਹੀਂ ਆਇਆ ਪਰ ਅਦਿੱਤੀ ਜ਼ਰੂਰ ਆ ਗਈ। ਉਹ ਅੰਦਰ ਆਉਂਦੇ ਹੀ ਸਭ ਤੋਂ ਪਹਿਲਾਂ ਮੇਰੇ ਵੱਲ ਆਈ। ਮੈਂ ਸਹਿਮ ਗਈ ਕਿ ਕਿੱਧਰੇ ਗੋਵਿੰਦ ਨੇ ਇਸਨੂੰ ਰਾਤ ਬਾਰੇ ਦੱਸ ਤਾਂ ਨਹੀਂ ਦਿੱਤਾ। ਪਰ ਮੇਰਾ ਡਰ ਬਸ ਕਾਲਪਨਿਕ ਸਾਬਿਤ ਹੋਇਆ। ਉਹ ਮੇਰੇ ਕੋਲ ਆਈ। ਮੇਰੇ ਨਾਲ ਹੱਥ ਮਿਲਾਇਆ ਤੇ ਹਾਲ-ਚਾਲ ਪੁੱਛਣ ਪਿੱਛੋਂ ਖਿੜੇ ਮੱਥੇ ਨਾਲ ਦੂਸਰਿਆਂ ਨਾਲ ਮਿਲਣ ਲੱਗੀ। ਮੈਂ ਸਮਝ ਗਈ ਕਿ ਗੋਵਿੰਦ ਨੇ ਅਜੇ ਅਦਿੱਤੀ ਨੂੰ ਸਾਡੇ ਬਾਰੇ ਕੁਝ ਨਹੀਂ ਦੱਸਿਆ। ਮੇਰਾ ਧਿਆਨ ਫਿਰ ਤੋਂ ਬੂਹੇ ਉੱਪਰ। ਗੋਵਿੰਦ ਨਹੀਂ ਸੀ ਆ ਰਿਹਾ। ਕੁਝ ਪਲਾਂ ਪਿੱਛੋਂ ਸਾਡੀ ਪ੍ਰੋਫੈਸਰ ਅੰਦਰ ਆ ਗਈ ਤੇ ਕਲਾਸ ਸ਼ੁਰੂ ਹੋ ਗਈ। ਵਾਰੀ-ਵਾਰੀ ਕਰ ਤਿੰਨ ਲੈਕਚਰ ਲੱਗੇ ਪਰ ਗੋਵਿੰਦ ਨਹੀਂ ਸੀ ਆਇਆ। ਤਿੰਨ ਲੈਕਚਰ ਪਿੱਛੋਂ ਮੈਂ ਤੇ ਸੁਖਮਨ ਬਾਹਰ ਆ ਪਾਰਕ ਵਿੱਚ ਧੁੱਪੇ ਬੈਠ ਗਈਆਂ।

ਠੰਡ ਦਿਨੋਂ ਦਿਨ ਵੱਧਦੀ ਜਾ ਰਹੀ ਸੀ। ਧੁੰਦਾਂ ਤਾਂ ਪੈਂਦੀਆਂ ਸਨ। ਪਰ ਕੁਝ ਚਿਰ ਪਿੱਛੋਂ ਧੁੱਪ ਵੀ ਲੱਗ ਜਾਂਦੀ ਸੀ। ਅਸੀਂ ਧੁੱਪ ਦਾ ਨਿੱਘ ਮਾਣਨ ਲਈ ਧੁੱਪੇ ਬੈਠ ਗਏ ਤੇ ਮੈਂ ਕਿਤਾਬ ਖੋਲ੍ਹ ਲਈ। ਸੁਖਮਨ ਨੇ ਮੇਰੇ ਹੱਥੋਂ ਕਿਤਾਬ ਫੜੀ ਤੇ ਬੋਲੀ..

"ਦੱਸ ਹੁਣ ਕੀ ਗੱਲ ਹੋਈ ਏ? ਕਿਉਂ ਮੈਨੂੰ ਜਬਰਦਸਤੀ ਕਾਲਜ ਸੱਦਿਆ ਈ?"

"ਨਾ ਹੋਇਆ ਤਾਂ ਕੁਝ ਨਹੀਂ। ਮੈਂ ਤਾਂ ਉਂਝ ਹੀ ਬੁਲਾ ਲਿਆ ਕਿ ਮੈਂ ਕੱਲੀ ਕੀ ਕਰੂ। ਤੇਰੇ ਨਾਲ ਵਾਵਾ ਜੀਅ ਲੱਗਿਆ ਰਹਿੰਦਾ।"

"ਪਰਨੀਤ ਤੂੰ ਨਾ ਮੈਨੂੰ ਝਾਂਸਾ ਦੇਣ ਦੀ ਕੋਸ਼ਿਸ਼ ਨਾ ਹੀ ਕਰਿਆ ਕਰ ਤਾਂ ਚੰਗਾ। ਮੈਂ ਚੰਗੀ ਤਰ੍ਹਾਂ ਤੈਨੂੰ ਸਮਝਦੀ ਵੀ ਆ ਤੇ ਜਾਣਦੀ ਵੀ।"

ਮੈਨੂੰ ਸਮਝ ਨਾ ਆਈ ਮੈਂ ਕੀ ਕਹਾਂ ਹੁਣ? ਮੈਂ ਚਾਹੁੰਦੀ ਤਾਂ ਨਹੀਂ ਸੀ ਕਿ ਮੇਰੇ ਤੇ ਗੋਵਿੰਦ ਵਿੱਚ ਜੋ ਵੀ ਹੋਇਆ ਉਸਦੀ ਹਵਾ ਵੀ ਬਾਹਰ ਨਿਕਲੇ। ਪਰ ਸੁਖਮਨ ਮੈਨੂੰ ਦੱਸਣ ਲਈ ਮਜਬੂਰ ਕਰ ਰਹੀ ਸੀ ਤੇ ਮੈਂ ਚਾਹ ਕੇ ਵੀ ਬਹੁਤੀ ਦੇਰ ਉਸਤੋਂ ਕਿਸੇ ਗੱਲ ਦਾ ਓਹਲਾ ਨਹੀਂ ਸੀ ਰੱਖ ਸਕਦੀ। ਮੈਂ ਬਿਨਾਂ ਬਹੁਤਾ ਸੋਚੇ ਉਸਨੂੰ ਸਾਰੀ ਗੱਲ ਸੁਣਾ ਦਿੱਤੀ। ਸਾਰੀ ਗੱਲ ਸੁਣਨ ਪਿੱਛੋਂ ਉਹ ਬੋਲੀ...

"ਪਰਨੀਤ ਤੂੰ ਫਿਕਰ ਨਾ ਕਰ। ਕੁਝ ਵੀ ਗਲਤ ਨਹੀਂ ਕੀਤਾ ਤੂੰ। ਜੋ ਹੋਇਆ ਸਭ ਠੀਕ ਏ।"

"ਪਰ ਸੁਖਮਨ ਯਾਰ ਮੇਰਾ ਦਿਲ ਬੜਾ ਘਬਰਾ ਰਿਹਾ। ਗੋਵਿੰਦ ਮੇਰੇ ਤੋਂ ਨਰਾਜ਼ ਨਾ ਹੋਜੇ ਕਿਧਰੇ।"

"ਕਿਤੇ ਨੀ ਨਰਾਜ਼ ਹੁੰਦਾ। ਐਵੇਂ ਫਾਲਤੂ ਗੱਲਾਂ ਨਾ ਸੋਚੀ ਚੱਲ। ਨਾਲੇ ਹੋਜੂ ਨਰਾਜ਼ ਤਾਂ ਹੋਜੇ। ਪਹਿਲਾਂ ਕਿਹੜਾ ਉਹ ਬਹੁਤ ਤੇਰੇ ਨਾਲ ਖੁਸ਼ ਏ। ਆਹ ਜਦੋਂ ਦੀ ਅਦਿੱਤੀ ਨਾਲ ਉਸਦੀ ਗੱਲਬਾਤ ਹੋਈ। ਉਸਦਾ ਸੁਭਾਅ ਹੀ ਬਦਲ ਗਿਆ ਲੱਗਦਾ ਏ। ਪਤਾ ਨਹੀਂ ਅਦਿੱਤੀ ਨੇ ਕੀ ਜਾਦੂ ਕੀਤਾ ਏ ਉਸਤੇ।"

"ਉਹਨੇ ਵਿਚਾਰੀ ਨੇ ਕੀ ਜਾਦੂ ਕਰਨਾ। ਉਹ ਤਾਂ ਬੜੀ ਸਾਊ ਕੁੜੀ ਆ।"

"ਅੱਛਾ ਉਹ ਸਾਊ ਏ ਤਾਂ ਫਿਰ ਤੂੰ ਕੀ ਏ? ਦੇਖ ਪਰਨੀਤ ਜੇ ਤੂੰ ਡਰ-ਡਰ ਰਹੇਗੀ ਤਾਂ ਫਿਰ ਜ਼ਰੂਰ ਤੂੰ ਗੋਵਿੰਦ ਤੋਂ ਪੱਕੇ ਹੱਥ ਧੋ ਬੈਠਣੇ। ਇਹ ਨਾ ਸੋਚੀ ਚੱਲ ਕਿ ਤੂੰ

ਉਸਨੂੰ ਇਜਹਾਰ ਕਰ ਰਹੀ ਏ ਤਾਂ ਉਸਦੀ ਦੋਸਤੀ ਗਵਾ ਲਵੇਂਗੀ। ਯਾਰ ਉਂਝ ਵੀ ਤੁਹਾਡੀ ਦੋਸਤੀ ਖਤਮ ਹੀ ਆ। ਤੇਰੇ ਸੋਚਣ ਨਾਲ ਕੁਝ ਵੀ ਫਰਕ ਨਹੀਂ ਪੈਣਾ।"

"ਹਾਂ ਸੁਖਮਨ ਤੂੰ ਠੀਕ ਆਖਦੀ ਏ। ਸਾਡੇ ਵਿੱਚ ਜਿਵੇਂ ਇਹ ਸਭ ਚੱਲ ਰਿਹਾ ਏ ਮੈਨੂੰ ਸੱਚੀਉ ਲੱਗਦਾ ਏ ਕਿ ਮੇਰਾ ਤੇ ਗੋਵਿੰਦ ਦਾ ਰਿਸ਼ਤਾ ਬਹੁਤੀ ਦੇਰ ਤੱਕ ਨਹੀਂ ਟਿਕਿਆ ਰਹਿਣਾ। ਜਾਂ ਤਾਂ ਸਾਡਾ ਰਿਸ਼ਤਾ ਸਦਾ ਲਈ ਖਤਮ ਹੋ ਜਾਵੇਗਾ ਜਾਂ ਫਿਰ ਅੱਗੇ ਵਧੇਗਾ। ਦੋਸਤੀ ਤਾਂ ਹੁਣ ਬਹੁਤੀ ਦੇਰ ਤੱਕ ਨਹੀਂ ਰਹਿੰਦੀ।"

"ਕੋਈ ਨਾ ਤੂੰ ਸੋਚ ਨਾ। ਤੇਰੇ ਸੋਚਿਆਂ ਕੁਝ ਨਹੀਂ ਹੋਣਾ। ਜੋ ਲਿਖਿਆ ਹੋਇਆ ਉਹ ਆਪਣੇ ਆਪ ਹੋ ਜਾਵੇਗਾ। ਤੂੰ ਬਸ ਆਪਣੇ ਦਿਲ ਦੀ ਸੁਣ। ਜੋ ਤੈਨੂੰ ਠੀਕ ਲੱਗਦਾ ਕਰ। ਅਗਰ ਗੋਵਿੰਦ ਦੇ ਦਿਲ ਵਿੱਚ ਤੇਰੇ ਲਈ ਪਿਆਰ ਹੋਇਆ ਤਾਂ ਜ਼ਰੂਰ ਉਹ ਤੈਨੂੰ ਅਪਣਾਵੇਗਾ।"

ਸੁਖਮਨ ਮੈਨੂੰ ਸਮਝਾਉਣ ਦੀ ਕੋਸ਼ਿਸ਼ ਕਰ ਰਹੀ ਸੀ। ਸੁਖਮਨ ਨੂੰ ਮੇਰੀ ਤਰਫਦਾਰੀ ਕਰਦੇ ਤੇ ਹੌਂਸਲਾ ਦੇਂਦੇ ਦੇਖ ਮੈਨੂੰ ਇੰਝ ਲੱਗ ਰਿਹਾ ਸੀ ਜਿਵੇਂ ਬਸ ਸੁਖਮਨ ਹੀ ਮੇਰੀ ਸੱਚੀ ਦੋਸਤ ਹੋਵੇ। ਹੋਰ ਕੋਈ ਜਿਵੇਂ ਜਾਣਦਾ ਹੀ ਨਾ ਹੋਵੇ ਕਿ ਮੇਰੀ ਖੁਸ਼ੀ ਕਿਸ ਵਿੱਚ ਹੈ। ਮੇਰਾ ਧਿਆਨ ਸੁਖਮਨ ਵਿੱਚ ਸੀ ਕਿ ਮੇਰੀ ਨਜ਼ਰ ਅਚਾਨਕ ਸਾਹਮਣੇ ਰਾਹ ਵੱਲ ਪਈ। ਮੈਂ ਦੇਖਿਆ ਤਾਂ ਗੋਵਿੰਦ ਆਪਣੇ ਹੱਥ ਵਿੱਚ ਇੱਕ ਕਾਪੀ ਫੜ ਸਾਡੇ ਵੱਲ ਨੂੰ ਹੀ ਆਉਂਦਾ ਜਾਪਦਾ ਸੀ। ਮੈਨੂੰ ਗੋਵਿੰਦ ਵੱਲ ਤੱਕਦਾ ਦੇਖ ਸੁਖਮਨ ਵੀ ਉਧਰ ਹੀ ਦੇਖਣ ਲੱਗੀ। ਉਹ ਚੁੱਪ ਹੋ ਗਈ। ਅਸੀਂ ਦੋਵੇਂ ਅੱਖਾਂ ਟਿਕਾ ਬਸ ਦੇਖ ਰਹੇ ਸੀ। ਗੋਵਿੰਦ ਨੇ ਦੂਰੋਂ ਹੀ ਸਾਡੇ ਉੱਤੇ ਨਜ਼ਰ ਮਾਰੀ ਪਰ ਸਾਡੀ ਵੱਲ ਮੁੜਿਆ ਨਾ। ਉਹ ਆਡੋਟੋਰੀਅਮ ਵੱਲ ਨੂੰ ਚਲਾ ਗਿਆ। ਮੇਰੀ ਧੜਕਨ ਵਧੀ ਹੋਈ ਸੀ। ਮੈਨੂੰ ਇੱਕ ਵਾਰ ਤਾਂ ਲੱਗਾ ਜਿਵੇਂ ਉਸਨੇ ਮੈਨੂੰ ਜਾਣ ਬੁੱਝ ਹੀ ਅਣਦੇਖਿਆ ਕੀਤਾ ਹੋਵੇ। ਮੇਰੇ ਦਿਲ ਉੱਤੇ ਜਿਵੇਂ ਕੋਈ ਭਾਰ ਪੈ ਗਿਆ ਹੋਵੇ। ਮੈਂ ਦੇਖਿਆ ਤਾਂ ਸੁਖਮਨ ਅਜੇ ਵੀ ਚੁੱਪ ਸੀ। ਮੈਂ ਤਾਂ ਚੱਲ ਗੋਵਿੰਦ ਨੂੰ ਪਿਆਰ ਕਰਦੀ ਸੀ ਤੇ ਉਸਦੇ ਅਣਦੇਖਿਆ ਕਰਨ ਤੇ ਸਹਿਮ ਗਈ ਪਰ ਸੁਖਮਨ ਕਿਉਂ ਚੁੱਪ ਸੀ

ਇਹ ਨਾ ਸਮਝ ਪਾਈ। ਸ਼ਾਇਦ ਉਹਨੂੰ ਵਾਕਿਆ ਹੀ ਮੇਰੀ ਅਸਲ ਭਾਵਨਾ ਦਾ ਅਹਿਸਾਸ ਹੋਵੇ। ਅਖੀਰ ਮੈਂ ਬੋਲੀ...

"ਦੇਖਲਾ ਸੁਖਮਨ, ਉਸਨੇ ਮੁੜਕੇ ਵੀ ਨਹੀਂ ਦੇਖਿਆ ਤੇ ਨਾ ਹੀ ਮਿਲਣ ਆਇਆ ਈ। ਮੈਨੂੰ ਲੱਗਦਾ ਉਸਨੂੰ ਕੋਈ ਫਰਕ ਨਹੀਂ ਪੈਂਦਾ ਮੇਰੀ ਚਾਹਤ ਦਾ।"

"ਤੂੰ ਨਹੀਂ ਹੱਟਣਾ ਸੋਚਣੋ। ਕਿੰਨੀ ਕੁ ਵਾਰ ਸਮਝਾਵਾਂ ਤੈਨੂੰ? ਕਿਹਾ ਤਾਂ ਹੈ ਦੇਖੀ ਜਾਵੂ ਜੋ ਹੋਵੂ। ਬਸ ਕਾਹਲੀ ਨਾ ਪੈ। ਕੁਝ ਚੀਜ਼ਾਂ ਸਬਰ ਨਾਲ ਮਿਲਦੀਆਂ ਨੇ। ਸਬਰ ਰੱਖ ਬਸ ਉਡੀਕ ਕਰ। ਜ਼ਰੂਰ ਕੁਝ ਚੰਗਾ ਹੋਵੇਗਾ।"

ਉਸਨੇ ਫਿਰ ਤੋਂ ਮੈਨੂੰ ਸਮਝਾਉਣਾ ਚਾਹਿਆ ਪਰ ਮੈਂ ਫਿਰ ਵੀ ਉਤਾਵਲੀ ਹੋ ਰਹੀ ਸੀ। ਮੇਰੇ ਖਿਆਲ ਨਾਲ ਉਤਾਵਲਾ ਹੋਣਾ ਲਾਜ਼ਮੀ ਸੀ। ਕਿਉਂਕਿ ਇੱਕ ਪਲ ਵੀ ਗੋਵਿੰਦ ਦੇ ਬਿਨਾਂ ਬਤੀਤ ਕਰਨਾ ਸ਼ਾਇਦ ਉਸਤੋਂ ਮੀਲਾਂ ਦਾ ਫਾਸਲਾ ਬਣਾਉਣਾ ਜਾਪਦਾ ਸੀ। ਮੈਂ ਉਸਦੀ ਗੱਲ ਵਿੱਚ ਸਿਰ ਹਿਲਾਇਆ ਤਾਂ ਉਹ ਬੋਲੀ..

"ਚੱਲ ਆਜਾ ਲਾਇਬ੍ਰੇਰੀ ਚੱਲਦੇ ਹਾਂ। ਮੈਂ ਕਿਤਾਬ ਲੈਣੀ ਇੱਕ। ਤੂੰ ਵੀ ਪੜ੍ਹ ਲਵੀਂ ਕੁਝ, ਮਨ ਹੋਰ ਹੋਜੂ ਤੇਰਾ।"

ਉਹ ਉੱਠ ਪਈ ਤੇ ਮੈਂ ਵੀ। ਅਸੀਂ ਲਾਇਬ੍ਰੇਰੀ ਨੂੰ ਚੱਲ ਪਏ। ਮੇਰੇ ਮਨ ਵਿੱਚ ਬਸ ਗੋਵਿੰਦ ਸੀ। ਸੁਖਮਨ ਗੱਲਾਂ ਕਰਨ ਦੀ ਕੋਸ਼ਿਸ਼ ਤਾਂ ਕਰ ਰਹੀ ਸੀ। ਪਰ ਸਭ ਮੇਰੇ ਉੱਪਰ ਦੀ ਹੀ ਲੰਘ ਰਹੀਆਂ ਸਨ। ਅਸੀਂ ਲਾਇਬ੍ਰੇਰੀ ਪਹੁੰਚੇ ਤੇ ਸੁਖਮਨ ਨੇ ਇੱਕ ਕਿਤਾਬ ਲਈ। ਲਾਇਬ੍ਰੇਰੀ ਵਿੱਚ ਬੈਠ ਹੀ ਉਹ ਪੜ੍ਹਨ ਲੱਗੀ। ਮੈਂ ਵੀ ਉਸਦੇ ਕੋਲ ਬੈਠ ਗਈ। ਮੇਰਾ ਧਿਆਨ ਗੋਵਿੰਦ ਵਿੱਚ ਵਾਰ-ਵਾਰ ਜਾ ਰਿਹਾ ਸੀ। ਮੈਂ ਆਪਣੇ ਇਸ ਵਰਤੀਰੇ ਕਾਰਨ ਹੀ ਖੁਦ ਤੇ ਰੋਸ ਜਤਾ ਰਹੀ ਸੀ ਕਿ ਇਹ ਮੇਰੀ ਕਿਵੇਂ ਦੀ ਹਾਲਤ ਹੁੰਦੀ ਜਾ ਰਹੀ ਹੈ। ਮੈਂ ਕਦੇ ਨਹੀਂ ਸੀ ਸੋਚਿਆ ਕਿ ਮੈਂ ਵੀ ਇਹਨਾਂ ਹਾਲਾਤਾਂ ਵਿੱਚੋਂ ਕਦੇ ਲੰਘਾਂਗੀ। ਮੈਂ ਆਪਣਾ ਪਰਸ ਖੋਲ੍ਹਿਆ ਤੇ ਵਿੱਚੋਂ ਨਰਿੰਦਰ ਸਿੰਘ ਕਪੂਰ ਦੀ ਖਿੜਕੀਆਂ ਕਿਤਾਬ ਪੜ੍ਹਨ ਲੱਗੀ। ਖਿੜਕੀਆਂ ਕਿਤਾਬ ਮੈਨੂੰ ਕਾਫੀ ਪਸੰਦ ਸੀ। ਹਰ ਵਕਤ ਉਹ ਮੇਰੇ ਕੋਲ ਹੀ ਰਹਿੰਦੀ ਸੀ।

ਮੇਰਾ ਜਦ ਵੀ ਦਿਲ ਕਰਦਾ ਇਹ ਪੜ੍ਹਦੀ। ਬਹੁਤ ਚੀਜ਼ਾਂ ਸਨ ਜੋ ਮੈਨੂੰ ਇਸ ਕਿਤਾਬ ਵਿੱਚੋਂ ਸਿੱਖਣ ਲਈ ਮਿਲਦੀਆਂ ਸਨ। ਮੈਂ ਸਿੱਧਾ ਹੀ ਪੇਜ ਨੰਬਰ ਪੰਦਰਾਂ ਖੋਲ੍ਹਿਆ। ਮੈਂ ਬਸ ਕਿਤਾਬ ਖੋਲ੍ਹੀ ਤੇ ਪੰਦਰਾਂ ਨੰਬਰ ਪੇਜ ਖੁੱਲ੍ਹ ਗਿਆ। ਮੈਂ ਉੱਥੋਂ ਹੀ ਪੜ੍ਹਨਾ ਸ਼ੁਰੂ ਕਰ ਦਿੱਤਾ। ਮੈਂ ਪੜ੍ਹਨ ਲੱਗੀ....

"ਮੈਂ ਪਰਮਾਤਮਾ ਨੂੰ ਕਿਹਾ, ਮੈਨੂੰ ਮੇਰੇ ਦੁੱਖਾਂ ਤੋਂ ਮੁਕਤ ਕਰੋ। ਰੱਬ ਨੇ ਕਿਹਾ, ਮੈਂ ਕਿਸੇ ਦੇ ਦੁੱਖ ਨਹੀਂ ਲੈਂਦਾ, ਤੁਸੀਂ ਦੁੱਖ ਤਿਆਗਣੇ ਹਨ।

ਮੈਂ ਰੱਬ ਨੂੰ ਕਿਹਾ, ਮੇਰੇ ਅਪੰਗ ਬੱਚੇ ਨੂੰ ਤੰਦਰੁਸਤ ਅਤੇ ਨਰੋਆ ਬਣਾਓ। ਰੱਬ ਨੇ ਕਿਹਾ, ਉਸ ਦੀ ਆਤਮਾ ਤੰਦਰੁਸਤ ਹੈ, ਪੂਰੀ ਅਤੇ ਨਰੋਈ ਹੈ, ਸਰੀਰ ਆਰਜ਼ੀ ਹੈ।

ਮੈਂ ਰੱਬ ਨੂੰ ਕਿਹਾ, ਮੈਨੂੰ ਸਹਿਣਸ਼ੀਲ ਬਣਾਓ। ਰੱਬ ਨੇ ਕਿਹਾ, ਸਹਿਣਸ਼ੀਲ ਹਮੇਸ਼ਾ ਮੁਸੀਬਤਾਂ, ਮੁਸ਼ਕਿਲਾਂ ਅਤੇ ਸੰਕਟਾਂ ਵਿੱਚੋਂ ਲੰਘ ਕੇ ਬਣਿਆ ਜਾਂਦਾ ਹੈ। ਸਹਿਣਸ਼ੀਲਤਾ ਮਿਲਦੀ ਨਹੀਂ, ਕਮਾਉਣੀ ਪੈਂਦੀ ਹੈ।

ਮੈਂ ਰੱਬ ਨੂੰ ਕਿਹਾ, ਮੈਨੂੰ ਪ੍ਰਸੰਨਤਾ ਦਿਓ। ਰੱਬ ਨੇ ਕਿਹਾ, ਮੈਂ ਪ੍ਰਸੰਨ ਹੋਣ ਦੇ ਲਈ ਸਭ ਕੁਝ ਦਿੱਤਾ ਹੋਇਆ ਹੈ, ਪ੍ਰਸੰਨ ਹੋਣਾ ਤੁਹਾਡੀ ਮਰਜ਼ੀ ਹੈ।

ਮੈਂ ਰੱਬ ਨੂੰ ਕਿਹਾ, ਮੈਨੂੰ ਦਰਦਾਂ ਤੋਂ ਮੁਕਤ ਕਰੋ। ਰੱਬ ਨੇ ਕਿਹਾ, ਦਰਦ ਇਨਸਾਨੀਅਤ ਜਗਾਉਂਦੇ ਹਨ ਅਤੇ ਸੰਸਾਰ ਦੀਆਂ ਖਿੱਚਾਂ ਤੋਂ ਮੁਕਤ ਕਰਦੇ ਹਨ, ਇਹਨਾਂ ਦਰਦਾਂ ਰਾਹੀਂ ਇਨਸਾਨ ਮੇਰੇ ਨੇੜੇ ਅਤੇ ਮੈਂ ਇਨਸਾਨ ਦੇ ਨੇੜੇ ਆਉਂਦਾ ਹਾਂ।

ਮੈਂ ਕਿਹਾ, ਵਾਹਿਗੁਰੂ, ਮੇਰੀ ਆਤਮਾ ਨੂੰ ਪ੍ਰਫੁੱਲਤ ਕਰੋ। ਵਾਹਿਗੁਰੂ ਨੇ ਕਿਹਾ, ਪ੍ਰਫੁੱਲਤ ਆਪ ਹੋਵੋ। ਮੈਂ ਛਾਂਗਦਾ ਰਹਾਂਗਾ, ਭਰਪੂਰ ਫਸਲ ਤੁਸੀਂ ਬਣਨਾ ਹੈ।

ਮੈਂ ਜ਼ਿੰਦਗੀ ਮਾਣਨ ਲਈ ਜਦੋਂ ਚੀਜ਼ਾਂ-ਵਸਤਾਂ ਮੰਗੀਆਂ ਤਾਂ ਪਰਮਾਤਮਾ ਨੇ ਕਿਹਾ ਮੈਂ ਜ਼ਿੰਦਗੀ ਦਿੰਦਾ ਹਾਂ, ਮਾਣਨ ਵਾਲੀਆਂ ਚੀਜ਼ਾਂ-ਵਸਤਾਂ ਨਾਲ ਸੰਸਾਰ ਪਹਿਲਾਂ ਹੀ ਭਰਿਆ ਪਿਆ ਹੈ, ਜ਼ਿੰਦਗੀ ਨੂੰ ਮਾਣਨਾ, ਨਾ-ਮਾਣਨਾ ਤੁਹਾਡੀ ਮਰਜ਼ੀ ਹੈ।

ਮੈਂ ਵਾਹਿਗੁਰੂ ਨੂੰ ਕਿਹਾ, ਮੈਨੂੰ ਸ਼ਕਤੀ ਦੇਵੋ ਤਾਂ ਕਿ ਜਿਤਨਾ ਤੁਸੀਂ ਮੈਨੂੰ ਪਿਆਰ ਕਰਦੇ ਹੋ, ਮੈਂ ਹੋਰਾਂ ਨੂੰ ਕਰ ਸਕਾਂ।

ਇਹ ਸੁਣ ਪਰਮਾਤਮਾ ਨੇ, ਮੈਨੂੰ ਆਪਣੇ ਕੰਧਾੜੇ ਚੁੱਕ ਲਿਆ।"

ਮੈਂ ਪੜ੍ਹਨਾ ਬੰਦ ਕੀਤਾ ਤੇ ਸੋਚਣ ਲੱਗੀ ਕਿ ਵਾਕਿਆ ਹੀ ਜੋ ਅਸੀਂ ਰੱਬ ਤੋਂ ਮੰਗਦੇ ਹਾਂ ਉਹ ਤਾਂ ਪਹਿਲਾਂ ਹੀ ਉਸਨੇ ਦਿੱਤਾ ਹੋਇਆ ਏ। ਫਿਰ ਵੀ ਝੋਲੀਆਂ ਕਿਉਂ ਅੱਡਦੇ ਹਾਂ? ਮੇਰਾ ਧਿਆਨ ਫਿਰ ਤੋਂ ਗੋਵਿੰਦ ਤਰਫ ਗਿਆ ਤੇ ਸੋਚਿਆ ਕਿ ਮੈਂ ਕਦੇ ਵੀ ਰੱਬ ਤੋਂ ਗੋਵਿੰਦ ਨੂੰ ਨਹੀਂ ਮੰਗਾਂਗੀ। ਅਗਰ ਰੱਬ ਨੇ ਮੇਰੀ ਕਿਸਮਤ ਵਿੱਚ ਲਿਖਿਆ ਹੋਇਆ ਤਾਂ ਉਹ ਆਪਣੇ ਆਪ ਮੈਨੂੰ ਮਿਲ ਜਾਵੇਗਾ। ਮੈਂ ਮਨ ਹੀ ਮਨ ਇੱਕ ਇਰਾਦਾ ਬਣਾਇਆ ਤੇ ਫਿਰ ਤੋਂ ਅੱਗੇ ਪੜ੍ਹਨ ਲੱਗੀ। ਕਰੀਬ 40-45 ਮਿੰਟ ਪੜ੍ਹਨ ਪਿੱਛੋਂ ਸੁਖਮਨ ਬੋਲੀ...

"ਪਰਨੀਤ ਚੱਲੀਏ। ਲੈਕਚਰ ਆ ਆਪਣਾ ਇੱਕ।"

"ਚੱਲ।"

ਮੈਂ ਕਿਤਾਬ ਬੰਦ ਕੀਤੀ, ਪਰਸ ਵਿੱਚ ਪਾਈ ਤੇ ਸੁਖਮਨ ਦੀ ਹਾਂ ਵਿੱਚ "ਚੱਲ" ਨਾਲ ਹੁੰਗਾਰਾ ਭਰਿਆ। ਅਸੀਂ ਦੋਵੇਂ ਲਾਇਬ੍ਰੇਰੀ ਤੋਂ ਬਾਹਰ ਆ ਕਲਾਸ ਵਾਲੇ ਕਮਰੇ ਨੂੰ ਚੱਲ ਪਈਆਂ। ਕਲਾਸ ਵਿੱਚ ਪਹੁੰਚੇ ਤਾਂ ਸਭ ਪਹਿਲਾਂ ਹੀ ਹਾਜਰ ਸਨ। ਗੋਵਿੰਦ ਅਦਿੱਤੀ ਦੇ ਕੋਲ ਬੈਠਾ ਸੀ। ਉਸਨੇ ਨਜ਼ਰ ਭਰ ਮੇਰੇ ਵੱਲ ਦੇਖਿਆ ਤੇ ਆਪਣੇ ਦੋਵੇਂ ਭਰਵੱਟੇ ਚੁੱਕ ਇਸ਼ਾਰਾ ਕਰ ਹਾਲ ਪੁੱਛਿਆ। ਮੈਨੂੰ ਭੋਰਾ ਵੀ ਯਕੀਨ ਨਾ ਹੋਇਆ ਕਿ ਉਸਨੇ ਇੰਝ ਕੀਤਾ। ਪਰ ਕਿਉਂ? ਮੇਰੇ ਮਨ ਵਿੱਚ ਸਵਾਲ ਉੱਠ ਖਲੋਇਆ। ਮੈਂ ਕੋਈ ਜੁਆਬ ਨਾ ਦਿੱਤਾ। ਅਦਿੱਤੀ ਵੀ ਸਾਨੂੰ ਦੇਖ ਦੂਰ ਤੋਂ ਹੀ ਮੁਸਕਰਾਈ। ਅਸੀਂ ਅਜੇ ਕਮਰੇ ਵਿੱਚ ਦਾਖਲ ਹੀ ਹੋ ਰਹੇ ਸੀ ਕਿ ਸਾਡੇ ਪ੍ਰੋਫੈਸਰ ਵੀ ਅੰਦਰ ਆ ਗਏ। ਸਭ ਸਾਵਧਾਨ ਹੋ ਬੈਠ ਗਏ ਅਤੇ ਮੈਂ ਤੇ ਸੁਖਮਨ ਵੀ ਕਾਹਲੀ ਨਾਲ ਆਪਣੀ ਸ਼ੀਟ ਉੱਪਰ ਬੈਠ ਗਈਆਂ। ਮੇਰਾ ਧਿਆਨ ਗੋਵਿੰਦ ਵਿੱਚ ਸੀ ਤੇ ਉਸਦਾ ਮੇਰੇ ਵਿੱਚ। ਉਹ ਵਾਰ-ਵਾਰ ਮੇਰੀ ਤਰਫ ਦੇਖ ਰਿਹਾ ਸੀ। ਮੈਂ ਚੋਰੀ-ਚੋਰੀ ਅੱਖ ਨਾਲ ਉਸਦੀ ਤਰਫ ਦੇਖਦੀ। ਮੈਨੂੰ ਜਿਵੇਂ ਉਸ ਵੱਲ

ਵੇਖਦੇ ਸ਼ਰਮ ਮਹਿਸੂਸ ਹੋ ਰਹੀ ਹੋਵੇ। ਪਰ ਕਿਉਂ? ਮੇਰੀ ਨਜ਼ਰ ਜਿੰਨੀ ਵਾਰ ਵੀ ਗੋਵਿੰਦ ਨਾਲ ਖਹਿੰਦੀ ਤਾਂ ਉਹ ਆਪਣੇ ਦੋਵੇਂ ਭਰਵੱਟੇ ਉੱਪਰ ਨੂੰ ਚੁੱਕ ਮੈਨੂੰ ਇਸ਼ਾਰਾ ਕਰਦਾ। ਇਹ ਕੀ ਹੋ ਰਿਹਾ? ਉਹ ਕਿਉਂ ਇੰਝ ਹਰਕਤ ਕਰ ਰਿਹਾ, ਮੈਨੂੰ ਬਿਲਕੁਲ ਵੀ ਸਮਝ ਨਹੀਂ ਸੀ ਆ ਰਿਹਾ। ਪਹਿਲਾਂ ਤਾਂ ਮੈਂ ਸੋਚਿਆ ਕਿ ਸੁਖਮਨ ਨਾਲ ਗੱਲ ਕਰਾਂ। ਪਰ ਸੁਖਮਨ ਦਾ ਧਿਆਨ ਪ੍ਰੋਫੈਸਰ ਵਿੱਚ ਸੀ। ਇਸ ਲਈ ਮੈਂ ਉਸਨੂੰ ਤੰਗ ਨਾ ਕੀਤਾ। ਸਾਰਾ ਲੈਕਚਰ ਇੰਝ ਹੀ ਚੱਲਿਆ। ਲੈਕਚਰ ਖਤਮ ਹੋਣ ਬਾਅਦ ਪ੍ਰੋਫੈਸਰ ਚਲਿਆ ਗਿਆ ਅਤੇ ਕਮਰੇ ਵਿੱਚ ਕਾਂਵਾਂ ਰੌਲੀ ਸ਼ੁਰੂ ਹੋ ਗਈ। ਵਕਤ ਕਾਫੀ ਹੋ ਚੁੱਕਾ ਸੀ। ਚਾਰ ਵੱਜਣ ਵਾਲੇ ਸਨ। ਸਭ ਆਪੋ-ਆਪਣੇ ਘਰ ਨੂੰ ਜਾਣ ਲਈ ਪਾਰਕਿੰਗ ਵੱਲ ਨੂੰ ਚੱਲ ਪਏ। ਸੁਖਮਨ ਰੋਜ ਹੀ ਆਪਣੀ ਮੋਪਟ ਉੱਪਰ ਹੀ ਕਾਲਜ ਆਉਂਦੀ ਸੀ ਅਤੇ ਕਈ ਦਫਾ ਘਰ ਨੂੰ ਜਾਂਦੇ ਵੇਲੇ ਮੈਨੂੰ ਘਰੇ ਉਤਾਰ ਜਾਂਦੀ। ਉਸਨੇ ਮੈਨੂੰ ਨਾਲ ਜਾਣ ਲਈ ਕਿਹਾ। ਮੈਂ ਪਾਰਕਿੰਗ ਦੇ ਬਾਹਰ ਰੁਕ ਗਈ ਅਤੇ ਉਹ ਮੋਪਟ ਲੈਣ ਚਲੀ ਗਈ। ਸੁਖਮਨ ਦੇ ਪਹਿਲਾਂ ਹੀ ਗੋਵਿੰਦ ਆਪਣਾ ਬੁੱਲਟ ਲੈ ਆ ਗਿਆ ਤੇ ਮੇਰੇ ਕੋਲ ਰੋਕ ਬੋਲਿਆ...

"ਬੈਠਜਾ ਮੈਂ ਲਾਹ ਦੇਂਦਾ ਘਰੇ।"

"ਨਹੀਂ ਕੋਈ ਨਾ, ਸੁਖਮਨ ਛੱਡ ਆਵੇਗੀ। ਤੂੰ ਅਦਿੱਤੀ ਨੂੰ ਛੱਡ ਕੇ ਆਉਣਾ ਹੋਣਾ।"

"ਅਦਿੱਤੀ ਆਪਣੀ ਗੱਡੀ ਤੇ ਆਈ ਏ। ਬੈਠਜਾ ਤੂੰ।"

"ਨਹੀਂ ਫਿਰ ਵੀ ਸੁਖਮਨ ਗੁੱਸਾ ਕਰੂ। ਮੈਂ ਉਸਨੂੰ ਕਿਹਾ ਹੋਇਆ ਏ ਲਾਹ ਕੇ ਆਉਣ ਲਈ।"

"ਬੈਠਣਾ ਕਿ ਨਹੀਂ?"

ਮੈਂ ਜਦ ਦੋ-ਤਿੰਨ ਵਾਰ ਨਾਲ ਨਾ ਜਾਣ ਦਾ ਬਹਾਨਾ ਬਣਾਇਆ ਤਾਂ ਉਸਨੂੰ ਗੁੱਸਾ ਆਇਆ ਤੇ ਉਸਨੇ ਰੋਸ ਦਿਖਾਉਂਦੇ ਹੋਏ ਮੈਨੂੰ ਬੈਠਣ ਲਈ ਕਿਹਾ। ਮੈਂ ਜਾਣਾ ਤਾਂ ਚਾਹੁੰਦੀ ਸੀ ਨਾਲ। ਪਰ ਪਤਾ ਨਹੀਂ ਕਿਉਂ ਖੁਦ ਨੂੰ ਰੋਕ ਰਹੀ ਸੀ। ਹੁਣ ਉਸਦੇ ਜ਼ੋਰ ਦੇਣ ਤੇ ਮੈਨੂੰ

ਨਾਲ ਜਾਣਾ ਹੀ ਪੈਣਾ ਸੀ। ਏਨੇ ਨੂੰ ਸੁਖਮਨ ਸਾਡੇ ਕੋਲ ਆ ਗਈ। ਮੈਂ ਸੁਖਮਨ ਨੂੰ ਕਿਹਾ...

"ਸੁਖਮਨ ਤੂੰ ਚਲੀ ਜਾ ਮੈਂ ਗੋਵਿੰਦ ਨਾਲ ਚਲੀ ਜਾਵਾਂਗੀ।"

"ਠੀਕ ਆ। ਧਿਆਨ ਨਾਲ ਜਾਵੀਂ ਤੇ ਘੁੱਟ ਕੇ ਫੜ੍ਹ ਕੇ ਬੈਠੀ। ਕਿਤੇ ਡਿੱਗ-ਡੁੱਗ ਨਾ ਜਾਵੀਂ।"

ਸੁਖਮਨ ਦੇ ਕਹਿਣ ਤੋਂ ਮੈਂ ਸਮਝ ਗਈ ਕਿ ਉਹ ਕੀ ਸਮਝਾਉਣ ਦੀ ਕੋਸ਼ਿਸ਼ ਕਰ ਰਹੀ ਸੀ। ਉਹ ਹੱਸੀ ਤੇ ਚੰਗਾ ਕਹਿ ਚੱਲ ਪਈ। ਮੈਂ ਵੀ ਉਸਦੀਆਂ ਗੱਲਾਂ ਕਾਰਨ ਮਨ ਹੀ ਮਨ ਹੱਸ ਰਹੀ ਸੀ ਕਿ ਕਿੰਨੀ ਤੇਜ ਏ ਸੁਖਮਨ। ਗੋਵਿੰਦ ਨੇ ਬੁੱਲਟ ਨੂੰ ਰੇਸ ਦਿੱਤੀ ਤੇ ਮੈਂ ਉਸਦੇ ਪਿੱਛੇ ਬੈਠ ਗਈ। ਅਸੀਂ ਘਰ ਨੂੰ ਚੱਲ ਪਏ।

ਮੈਂ ਥੋੜ੍ਹੀ ਜਿਹੀ ਸਹਿਮੀ ਹੋਈ ਮਾਸਾ ਵਿੱਥ ਪਾ ਹੀ ਗੋਵਿੰਦ ਦੇ ਪਿੱਛੇ ਬੈਠੀ ਹੋਈ ਸੀ। ਉਹ ਬਹੁਤ ਹੀ ਹੌਲੀ ਚਲਾ ਰਹਾ ਸੀ ਬੁੱਲਟ ਨੂੰ। ਸ਼ਾਇਦ ਉਹ ਚਾਹੁੰਦਾ ਸੀ ਕਿ ਮੈਂ ਉਸ ਨਾਲ ਕੋਈ ਗੱਲ ਕਰਾਂ। ਪਰ ਮੈਂ ਤਾਂ ਚੁੱਪ ਵੀ ਸੀ ਤੇ ਡਰੀ ਹੋਈ ਵੀ। ਅਸੀਂ ਜਾ ਰਹੇ ਸੀ ਤੇ ਲੰਡੇ ਬਜਾਰ ਦੇ ਕੋਲ ਪਹੁੰਚੇ। ਉੱਥੇ ਆਵਾਜਾਈ ਵਧੇਰੇ ਸੀ। ਇਸ ਲਈ ਹੋਰ ਹੌਲੀ ਹੋ ਗਏ। ਗੋਵਿੰਦ ਬੋਲਿਆ..

"ਕੀ ਗੱਲ ਏ? ਡਰ ਲੱਗਦਾ ਏ ਨਾਲ ਜੁੜ ਕੇ ਬੈਠਣ ਤੋਂ?"

"ਨਹੀਂ ਤਾਂ। ਡਰ ਕਿਉਂ ਲੱਗਣਾ ਭਲਾ ਤੇਰੇ ਤੋਂ?"

"ਅੱਛਾ ਫਿਰ ਨਾਲ ਹੋ ਕੇ ਬੈਠ। ਮੋਢੇ ਤੇ ਹੱਥ ਰੱਖਲਾ ਮੇਰੇ।"

"ਕਿਉਂ?"

"ਤੈਨੂੰ ਹਰ ਗੱਲ ਦਾ ਜੁਆਬ ਚਾਹੀਦਾ? ਜਦੋਂ ਕਿਹਾ ਤਾਂ ਰੱਖਲਾ। ਜੇ ਤੇਰਾ ਨਹੀਂ ਜੀਅ ਕਰਦਾ ਰੱਖਣ ਨੂੰ ਤਾਂ ਨਾ ਰੱਖ। ਜਬਰਦਸਤੀ ਕੋਈ ਨਹੀਂ ਤੇਰੇ ਨਾਲ।"

ਮੈਨੂੰ ਸਮਝ ਨਾ ਆਈ ਕੀ ਕਰਾਂ? ਮਨ ਤਾਂ ਮੇਰਾ ਵੀ ਕਰ ਰਿਹਾ ਸੀ ਕਿ ਉਸਨੂੰ ਘੁੱਟ ਕੇ ਪਿੱਛਿਉਂ ਜੱਫੀ ਪਾ ਬੈਠ ਜਾਵਾਂ। ਪਰ ਕੀ ਇਹ ਸਹੀ ਏ? ਇਹੀ ਸੋਚ ਮੇਰਾ ਮਨ ਘਬਰਾ ਰਿਹਾ ਸੀ। ਪਰ ਉਸਦਾ ਕਹਿਣਾ ਵੀ ਨਹੀਂ ਸੀ ਮੋੜ ਸਕਦੀ। ਇਸ ਲਈ ਮੈਂ ਹੌਲੀ ਜਿਹੇ ਹੱਥ ਰੱਖ ਹੀ ਲਿਆ। ਮੈਂ ਜਿਉਂ ਹੀ ਹੱਥ ਰੱਖਿਆ ਉਸਨੇ ਬੁੱਲਟ ਦੀ ਰੇਸ ਦਿੱਤੀ। ਬੜੀ ਹੀ ਕੜਕਦਾਰ ਆਵਾਜ਼ ਆਈ। ਮੇਰੇ ਮਨ ਅੰਦਰ ਜਿਵੇਂ ਚਾਅ ਜਿਆ ਚੜ੍ਹ ਗਿਆ ਹੋਵੇ ਆਵਾਜ਼ ਸੁਣ। ਮੈਂ ਹੌਲੀ-ਹੌਲੀ ਖਿਸਕਦੀ ਹੋਈ ਇੱਕ ਦਮ ਉਸਦੇ ਨਾਲ ਹੀ ਜੁੜ ਚੁੱਕੀ ਸੀ। ਮੇਰਾ ਜਿਸਮ ਉਸਦੀ ਪਿੱਠ ਨੂੰ ਛੂਹ ਰਿਹਾ ਸੀ। ਉਂਝ ਤਾਂ ਮੈਂ ਪਹਿਲਾਂ ਵੀ ਪਤਾ ਨਹੀਂ ਕਿੰਨੀ ਕੁ ਵਾਰ ਗੋਵਿੰਦ ਦੇ ਮਗਰ ਬੈਠੀ ਹੋਵਾਂਗੀ। ਪਰ ਇੰਝ ਲੱਗ ਰਿਹਾ ਸੀ ਜਿਵੇਂ ਪਹਿਲੀ ਵਾਰ ਬੈਠ ਰਹੀ ਹੋਵਾਂ। ਉਹ ਕੁਝ ਵੀ ਬੋਲ ਨਹੀਂ ਸੀ ਰਿਹਾ ਤੇ ਨਾ ਹੀ ਮੈਂ। ਕੁਝ ਵਕਤ ਵਿੱਚ ਹੀ ਅਸੀਂ ਘਰ ਦੇ ਨੇੜੇ ਪਹੁੰਚ ਗਏ। ਮੈਂ ਘਰ ਪਹੁੰਚਣ ਤੋਂ ਪਹਿਲਾਂ ਹੀ ਗੋਵਿੰਦ ਨੂੰ ਕਿਹਾ..

"ਗੋਵਿੰਦ ਮੈਨੂੰ ਏਥੇ ਹੀ ਲਾਹ ਦੇ। ਘਰ ਦੇ ਸਾਹਮਣੇ ਨਾ ਲਾਹੀ।"

"ਬੈਠੀ ਰਹਿ ਚੁੱਪ ਕਰਕੇ। ਮੈਂ ਘਰ ਦੇ ਸਾਹਮਣੇ ਲਾਹ ਦੇਵੂ ਤਾਂ ਪਹਾੜ ਨਹੀਂ ਟੁੱਟਣ ਲੱਗੇ।"

"ਸਮਝਿਆ ਵੀ ਕਰ। ਤੈਨੂੰ ਪਤਾ ਤਾਂ ਹੈ ਮੰਮੀ ਨੇ ਰੋਕਿਆ ਹੋਇਆ ਵਾ। ਲੋਕ ਗੱਲਾਂ ਬਹੁਤ ਕਰਦੇ ਨੇ।"

"ਮੈਨੂੰ ਨਹੀਂ ਫਰਕ ਪੈਂਦਾ ਭੋਰਾ ਵੀ। ਕਰੀ ਜਾਵੇ ਜਿੰਨ੍ਹੇ ਗੱਲਾਂ ਕਰਨੀਆਂ। ਉਂਝ ਵੀ ਸਾਰਿਆਂ ਨੂੰ ਪਤਾ ਤਾਂ ਹੈ ਹੀ ਆਪਣੇ ਬਾਰੇ। ਫਿਰ ਡਰ ਕਿਸ ਗੱਲ ਦਾ।"

"ਕੀ ਪਤਾ?"

"ਇਹੀ ਕਿ ਆਪਾਂ ਦੋਸਤ ਆ। ਹੋਰ ਕੀ?"

"ਨਹੀਂ ਤੂੰ ਮੈਨੂੰ ਪਿੱਛੇ ਲਾਹ ਦੇ। ਮੰਮੀ ਝਿੜਕਾਂ ਦੇਣਗੇ ਨਹੀਂ ਤਾਂ।"

"ਤੈਨੂੰ ਕਿਹਾ ਨਾ ਬੈਠੀ ਰਹਿ ਚੁੱਪ ਕਰਕੇ।"

ਉਸਨੇ ਗੁੱਸੇ ਨਾਲ ਆਖ ਮੈਨੂੰ ਚੁੱਪ ਕਰਵਾ ਦਿੱਤਾ। ਮੈਂ ਕੁਝ ਨਾ ਬੋਲ ਪਾਈ। ਏਨੇ ਚਿਰ ਨੂੰ ਉਸਨੇ ਬੁੱਲਟ ਸਿੱਧਾ ਸਾਡੇ ਘਰ ਦੇ ਸਾਹਮਣੇ ਰੋਕਿਆ ਤਾਂ ਮੈਂ ਬਿਨਾਂ ਕੁਝ ਬੋਲੇ ਬੁੱਲਟ ਤੋਂ ਹੇਠਾਂ ਉੱਤਰ ਗਈ। ਮੇਰੇ ਉੱਤਰਦੇ ਹੀ ਉਹ ਵੀ ਬਿਨਾਂ ਕੁਝ ਬੋਲੇ ਆਪਣੇ ਘਰ ਅੰਦਰ ਚਲਾ ਗਿਆ। ਮੈਂ ਆਪੇ ਗੇਟ ਖੋਲਿਆ ਤੇ ਸਿੱਧੀ ਹੀ ਆਪਣੇ ਕਮਰੇ ਵਿੱਚ ਚਲੀ ਗਈ। ਮੇਰੀ ਮੰਮੀ ਆਪਣੇ ਕਮਰੇ ਵਿੱਚ ਹੀ ਸੀ। ਮੈਂ ਵਾਰ-ਵਾਰ ਸੋਚਣ ਲਈ ਮਜਬੂਰ ਹੋ ਰਹੀ ਸੀ ਕਿ ਇਹ ਹੋ ਕੀ ਰਿਹਾ? ਗੋਵਿੰਦ ਨੂੰ ਕੀ ਹੋ ਗਿਆ। ਕੀ ਉਸਨੇ ਰਾਤ ਵਾਲੀ ਮੇਰੀ ਹਰਕਤ ਨੂੰ ਨਜ਼ਰ ਅੰਦਾਜ ਕਰ ਦਿੱਤਾ ਜਾਂ ਫਿਰ ਉਸਨੇ ਮੇਰੇ ਨਾਲ ਰਿਸ਼ਤਾ ਜੋੜਨ ਲਈ ਕਦਮ ਅੱਗੇ ਵਧਾਇਆ। ਉਸਨੇ ਕਿਹਾ ਵੀ ਕੁਝ ਨਹੀਂ। ਬਸ ਜਿੰਨੀ ਵਾਰ ਮੂੰਹ ਖੋਲ੍ਹਿਆ। ਰੋਹਬ ਹੀ ਝਾੜਿਆ। ਮੈਂ ਤਾਂ ਕਦੇ ਕਿਸੇ ਦਾ ਰੋਹਬ ਨਹੀਂ ਝੱਲਦੀ। ਪਰ ਕਿਉਂ ਉਸਦਾ ਰੋਹਬ ਝੱਲ ਲਿਆ? ਉਸਨੇ ਵੀ ਕਦੇ ਇੰਝ ਵਰਤਾਅ ਨਹੀਂ ਸੀ ਕੀਤਾ। ਅੱਜ ਤਾਂ ਉਸਦਾ ਅਲੱਗ ਹੀ ਰੂਪ ਦੇਖਣ ਲਈ ਮਿਲਿਆ ਮੈਨੂੰ। ਮੇਰਾ ਸਰੀਰ ਟੁੱਟਿਆ ਜਿਆ ਜਾਪ ਰਿਹਾ ਸੀ। ਮੈਂ ਉਵੇਂ ਹੀ ਲੰਮੇ ਪੈ ਗਈ।

ਏਨੇ ਨੂੰ ਮੰਮੀ ਕਮਰੇ ਵਿੱਚ ਆਈ ਤੇ ਮੈਨੂੰ ਪੁੱਛਿਆ..

"ਚਾਹ ਪੀਣੀ ਪੁੱਤ?"

"ਹਾਂ ਮੰਮੀ ਪੀ ਲੈਂਦੀ। ਬਣਾ ਲਵੋ।"

ਮੰਮੀ ਚਾਹ ਦਾ ਪੁੱਛ ਰਸੋਈ ਵਿੱਚ ਚਲੀ ਗਈ। ਮੈਂ ਉੱਠੀ ਤੇ ਮੂੰਹ ਹੱਥ ਧੋ ਲੀੜੇ ਬਦਲ ਡਰਾਇੰਗ ਰੂਮ ਵਿੱਚ ਬੈਠ ਗਈ। ਜਿੱਥੇ ਟੈਲੀਵਿਜ਼ਨ ਚੱਲ ਰਿਹਾ ਸੀ। ਜੀ-ਕਲਾਸਿਕ ਚੈਨਲ ਲੱਗਾ ਹੋਇਆ ਸੀ, ਜਿੱਥੇ ਦੋਸਤੀ ਫਿਲਮ ਆ ਰਹੀ ਸੀ। ਮੈਂ ਚੈਨਲ ਨਾ ਬਦਲਿਆ ਤੇ ਦੇਖਣ ਲੱਗੀ। ਉਂਝ ਇਹ ਫਿਲਮ ਮੈਂ ਪਹਿਲਾਂ ਵੀ ਕਈ ਵਾਰ ਦੇਖੀ ਹੋਈ ਸੀ। ਫਿਲਮ ਪੁਰਾਣੀ ਜ਼ਰੂਰ ਸੀ। ਪਰ ਮੈਨੂੰ ਚੰਗੀ ਲੱਗਦੀ ਸੀ। ਜੀ-ਕਲਾਸਿਕ ਚੈਨਲ ਤੇ ਹਮੇਸ਼ਾ ਹੀ ਪੁਰਾਣੀਆਂ ਫਿਲਮਾਂ ਹੀ ਆਉਂਦੀਆਂ ਨੇ। ਮੇਰੀ ਮੰਮੀ ਨੂੰ ਪੁਰਾਣੀਆਂ ਫਿਲਮਾਂ

ਤੇ ਹਿੰਦੀ ਗਾਣੇ ਸੁਣਨੇ ਬੜੇ ਪਸੰਦ ਨੇ। ਇਸ ਕਰਕੇ ਉਹਨਾਂ ਦੇ ਕਾਰਨ ਮੈਨੂੰ ਵੀ ਇਹ ਪਸੰਦ ਨੇ। ਫਿਲਮ ਚੱਲ ਰਹੀ ਸੀ। ਮੰਮੀ ਚਾਹ ਲੈ ਕੇ ਆਈ ਤੇ ਨਾਲ ਹੀ ਮਟਰ ਲੈ ਆਏ। ਅਸੀਂ ਚਾਹ ਪੀਣ ਲੱਗੇ। ਮੈਂ ਨਾਲ-ਨਾਲ ਫ਼ੂਨ ਉੱਪਰ ਸਟੇਟਸ ਦੇਖ ਰਹੀ ਸੀ। ਫਿਲਮ ਦੇ ਦੁਖਦਾਈ ਸੀਨ ਦੇਖ ਮੰਮੀ ਦੀਆਂ ਅੱਖਾਂ ਸਿੱਲੀਆਂ ਹੋ ਗਈਆਂ ਸਨ। ਮੇਰੇ ਉੱਪਰ ਇਹਨਾਂ ਚੀਜ਼ਾਂ ਦਾ ਪਤਾ ਨਹੀਂ ਕਿਉਂ ਘੱਟ ਹੀ ਅਸਰ ਹੁੰਦਾ ਰਿਹਾ ਸ਼ੁਰੂ ਤੋਂ ਹੀ। ਕਿਉਂਕਿ ਮੇਰੇ ਮਨ ਅੰਦਰ ਇਹ ਗੱਲ ਪੱਕੀ ਹੋਈ ਸੀ ਕਿ ਇਹ ਸਭ ਖੇਡਾਂ ਨੇ। ਦੁੱਖ ਤੇ ਸੁੱਖ ਦੋਵਾਂ ਦਾ ਮੇਰੇ ਉੱਤੇ ਕਦੇ ਵੀ ਬਹੁਤਾ ਅਸਰ ਨਹੀਂ ਸੀ ਹੋਇਆ। ਹਾਂ ਆਹ ਗੋਵਿੰਦ ਵਾਲਾ ਮਸਲਾ ਪਤਾ ਨਹੀਂ ਕੀ ਸੀ। ਮੈਨੂੰ ਪੂਰੀ ਤਰ੍ਹਾਂ ਹੀ ਬਦਲ ਦਿੱਤਾ ਸੀ ਉਹਨੇ। ਮੰਮੀ ਫਿਲਮ ਦੇਖਦੇ ਰਹੇ ਤੇ ਮੈਂ ਰੋਟੀ ਪਾਣੀ ਕਰਨ ਲੱਗੀ। ਰੋਟੀ ਪਾਣੀ ਖਾ ਮੰਮੀ ਆਪਣੇ ਕਮਰੇ ਵਿੱਚ ਚਲੀ ਗਈ ਤੇ ਮੈਂ ਆਪਣੇ ਵਿੱਚ। ਮੈਂ ਅਜੇ ਫ਼ੂਨ ਫੜਿਆ ਹੀ ਕਿ ਗੋਵਿੰਦ ਦਾ ਫ਼ੂਨ ਆ ਗਿਆ। ਮੈਂ ਕਾਹਲੀ ਨਾਲ ਫ਼ੂਨ ਦੀ ਬੈੱਲ ਬੰਦ ਕੀਤੀ। ਪਤਾ ਨਹੀਂ ਕਿਸ ਚੀਜ਼ ਦਾ ਡਰ? ਪਹਿਲਾਂ ਤਾਂ ਕਦੇ ਉਸਦਾ ਫ਼ੂਨ ਆਉਣ ਤੇ ਮੈਂ ਇੰਝ ਨਹੀਂ ਸੀ ਕੀਤਾ। ਇਹ ਤਾਂ ਬੜਾ ਹੀ ਅਜੀਬ ਹੋ ਰਿਹਾ ਸੀ ਸਭ। ਮੈਂ ਨਾ ਤਾਂ ਕੋਈ ਜੁਰਮ ਕੀਤਾ ਸੀ ਨਾ ਕਰ ਰਹੀ ਸੀ ਫਿਰ ਵੀ ਮੇਰੇ ਮਨ ਅੰਦਰ ਹਰ ਚੀਜ਼ ਨੂੰ ਲੈ ਡਰ ਘਰ ਕਰਦਾ ਜਾ ਰਿਹਾ ਸੀ। ਮੈਂ ਸੋਚ ਰਹੀ ਸੀ ਫ਼ੂਨ ਚੁੱਕਾ ਕਿ ਨਾ ਚੁੱਕਾ? ਮੇਰੇ ਸੋਚਦੇ-ਸੋਚਦੇ ਹੀ ਫ਼ੂਨ ਆਉਣਾ ਬੰਦ ਹੋ ਗਿਆ। ਮੈਂ ਸੋਚਣ ਲੱਗੀ ਕਿ ਮੈਂ ਆਪ ਫ਼ੂਨ ਲਾਉਂਦੀ ਹਾਂ। ਪਰ ਲਾਵਾਂ ਕਿ ਨਾ ਲਾਵਾਂ। ਮਨ ਫਿਰ ਤੋਂ ਦੋ ਤਰਫਾ ਹੋ ਗਿਆ। ਇਹ ਤਾਂ ਸੱਚੀਉ ਬਹੁਤ ਅਜੀਬ ਵਿਵਹਾਰ ਸੀ। ਮੈਂ ਫ਼ੂਨ ਕਰਨ ਹੀ ਲੱਗੀ ਕਿ ਫਿਰ ਤੋਂ ਬੈੱਲ ਵੱਜੀ। ਮੈਂ ਫਿਰ ਤੋਂ ਕਾਹਲੀ ਨਾਲ ਬੈੱਲ ਬੰਦ ਕੀਤੀ ਤੇ ਫ਼ੂਨ ਚੁੱਕਿਆ। ਅੱਗਿਉਂ ਗੋਵਿੰਦ ਬੋਲਿਆ...

"ਹੁਣ ਮੇਰਾ ਫ਼ੂਨ ਵੀ ਸੋਚ-ਸੋਚ ਚੁੱਕਿਆ ਕਰੇਗੀ?"

ਮੈਂ ਹੈਰਾਨ ਹੀ ਰਹਿ ਗਈ ਕਿ ਇਸਨੂੰ ਇਹ ਕਿਵੇਂ ਭਣਕ ਲੱਗ ਗਈ। ਇਹਨੇ ਕਿਧਰੇ ਮੇਰੇ ਤੇ ਸੀ. ਸੀ. ਟੀ. ਵੀ. ਤਾਂ ਨਹੀਂ ਲਾਇਆ ਹੋਇਆ। ਮੈਂ ਬੂਹੇ ਵੱਲ ਝਾਤੀ

ਮਾਰੀ ਕਿ ਕਿਧਰੇ ਬਾਹਰ ਤਾਂ ਨਹੀਂ ਖੜਾ। ਇਸਤੋਂ ਪਹਿਲਾਂ ਕਿ ਮੈਂ ਕੁਝ ਬੋਲਦੀ ਉਹ ਫਿਰ ਤੋਂ ਬੋਲਿਆ..

"ਹੁਣ ਬੋਲਣਾ ਵੀ ਨਹੀਂ?"

"ਨਹੀਂ-ਨਹੀਂ। ਰੋਟੀ ਖਾਂਦੇ ਸੀ। ਮੈਂ ਸੋਚਿਆ ਵਿਹਲੀ ਹੋ ਹੀ ਤੈਨੂੰ ਫੂਨ ਕਰਦੀ। ਖਾ ਲਈ ਤੂੰ ਰੋਟੀ?"

"ਹਾਂ ਖਾ ਲਈ।"

"ਕੀ ਬਣਾਇਆ।"

"ਸਾਗ ਬਣਿਆ ਸਾਡੇ ਤਾਂ। ਤੂੰ ਕਾਹਦੇ ਨਾਲ ਖਾਧੀ?"

"ਗੋਭੀ।"

"ਅੱਛਾ।"

"ਹਾਂਜੀ। ਹੋਰ।"

"ਕੀ ਹੋਰ? ਚੱਲ ਛੱਤ ਤੇ ਆਜਾ।"

"ਪਾਗਲ ਏ। ਧੁੰਦ ਦੇਖ ਬਾਹਰ। ਠੰਡ ਪਤਾ ਕਿੰਨੀ ਆ।"

"ਕੋਈ ਨਾ ਰਜਾਈ ਲੈ ਆਉਂਦਾ ਮੈਂ ਕਿਤੇ ਨੀ ਠੰਡ ਲੱਗ ਚੱਲੀ ਤੈਨੂੰ।"

"ਨਹੀਂ-ਨਹੀਂ। ਮੰਮੀ ਨੇ ਦੇਖ ਲਿਆ ਤਾਂ ਝਿੜਕਾਂ ਮਾਰੂ।"

"ਆਉਣਾ ਕਿ ਨਹੀਂ ਆਉਣਾ?"

ਉਸਨੇ ਫਿਰ ਤੋਂ ਰੋਹਬ ਪਾ ਕਿਹਾ। ਮੈਨੂੰ ਸਮਝ ਨਾ ਆਈ ਕੀ ਜੁਆਬ ਦੇਵਾਂ। ਮੈਂ ਸੋਚਣ ਪਿੱਛੋਂ ਕਿਹਾ..

"ਚੱਲ ਆਉਂਦੀ ਆ। ਰਜਾਈ ਲੈ ਆਵੀਂ। ਤੈਨੂੰ ਪਤਾ ਮੈਨੂੰ ਠੰਡ ਬੜੀ ਛੇਤੀ ਲੱਗਦੀ ਆ।"

"ਨਹੀਂ ਮੈਂ ਨਹੀਂ ਰਜਾਈ ਲਿਆਉਣੀ। ਤੈਨੂੰ ਠੰਡ ਲੱਗਦੀ ਤਾਂ ਤੂੰ ਲੈ ਆ।"

"ਆਹ ਕੀ ਗੱਲ ਹੋਈ ਭਲਾ।"

"ਆਜਾ ਛੇਤੀ ਮੈਂ ਉਡੀਕ ਰਿਹਾ ਛੱਤ ਤੇ।"

ਉਸਨੇ ਫ਼ੂਨ ਕੱਟ ਦਿੱਤਾ। ਮੇਰਾ ਦਿਲ ਤਾਂ ਕਰਦਾ ਸੀ ਜਾਣ ਨੂੰ। ਪਰ ਬਾਹਰ ਠੰਡ ਬਹੁਤ ਜਿਆਦਾ ਸੀ। ਮੈਂ ਸੋਚਿਆ ਕਿ ਮੰਮੀ ਨੂੰ ਪਤਾ ਚੱਲ ਗਿਆ ਤਾਂ ਮੇਰੀ ਸ਼ਾਮਤ ਆ ਜਾਣੀ। ਫਿਰ ਸੋਚਿਆ, ਮੰਮੀ ਤਾਂ ਬੂਹਾ ਬੰਦ ਕਰ ਆਪਣੇ ਕਮਰੇ 'ਚ ਪਈ ਉਹਨੇ ਕਿੱਥੇ ਬਾਹਰ ਆਉਣਾ ਏਨੀ ਠੰਡ ਵਿੱਚ। ਪਰ ਰਜਾਈ ਛੱਤ ਤੇ ਲੈ ਕੇ ਜਾਣ ਵਾਲਾ ਕੰਮ ਥੋੜਾ ਔਖਾ ਲੱਗਿਆ। ਮੈਂ ਕੰਬਲ ਚੁੱਕਿਆ ਤੇ ਛੱਤ ਉੱਤੇ ਪਹੁੰਚ ਗਈ। ਮੈਂ ਛੱਤ ਤੇ ਚੜ੍ਹ ਗੋਵਿੰਦ ਨੂੰ ਫ਼ੂਨ ਲਾਇਆ ਤਾਂ ਉਸਦੇ ਫ਼ੂਨ ਦੀ ਬੈੱਲ ਸੁਣਾਈ ਦਿੱਤੀ। ਉਹ ਪਹਿਲਾਂ ਹੀ ਛੱਤ ਉੱਪਰ ਪਹੁੰਚਿਆ ਹੋਇਆ ਸੀ। ਪਰ ਧੁੰਦ ਏਨੀ ਜਿਆਦਾ ਸੀ ਕਿ ਉਸਦੇ ਘਰ ਦੀ ਛੱਤ ਉੱਤੇ ਹੀ ਉਹ ਦਿਖਾਈ ਨਹੀਂ ਸੀ ਦੇ ਰਿਹਾ। ਉਹ ਜਦੋਂ ਮੇਰੇ ਘਰ ਦੀ ਛੱਤ ਵੱਲ ਨੂੰ ਆਇਆ ਤਾਂ ਮੈਨੂੰ ਦਿਖਾਈ ਦਿੱਤਾ। ਮੇਰੇ ਹੱਥ ਕੰਬਲ ਦੇਖ ਉਹ ਬੋਲਿਆ...

"ਲਿਆ ਕੰਬਲ ਮੈਨੂੰ ਫੜਾ ਤੇ ਤੂੰ ਟੱਪ ਆਜਾ।"

"ਨਹੀਂ ਮੈਂ ਨਹੀਂ ਆਉਣਾ। ਤੂੰ ਸਾਡੇ ਕੋਠੇ ਤੇ ਆ।"

"ਤੁਹਾਡੇ ਕੋਠੇ ਤੇ ਕੋਈ ਮੰਜਾ ਹੈਗਾ?"

"ਨਹੀਂ ਤਾਂ।"

"ਫਿਰ ਭੁੰਜੇ ਬਹਿਣਾ ਈ? ਲਿਆ ਮੈਨੂੰ ਫੜਾ ਕੰਬਲ ਤੇ ਆਜਾ।"

ਮੈਂ ਬਿਨਾਂ ਕੁਝ ਬੋਲੇ ਉਸਨੂੰ ਕੰਬਲ ਫੜਾਇਆ ਤੇ ਆਪ ਕੰਧ ਟੱਪ ਉਹਨਾਂ ਦੀ ਛੱਤ ਉੱਤੇ ਚਲੀ ਗਈ। ਮੈਂ ਦੇਖਿਆ ਤਾਂ ਉਸਨੇ ਮੰਜੇ ਉੱਪਰ ਪਹਿਲਾਂ ਹੀ ਰਜਾਈ ਰੱਖੀ ਹੋਈ ਸੀ। ਮੈਂ ਰਜਾਈ ਦੇਖਦੇ ਹੀ ਬੋਲੀ..

"ਜਦੋਂ ਤੂੰ ਰਜਾਈ ਲਿਆਉਣੀ ਸੀ ਤਾਂ ਮੈਨੂੰ ਕਿਉਂ ਕਿਹਾ?"

"ਠੰਡ ਵੇਖ ਕਿੰਨੀ ਆ। ਇੱਕ ਥੱਲੇ ਵਿਛਾਉਣੀ ਸੀ ਇੱਕ ਉੱਤੇ ਲੈਣੀ। ਰਜਾਈ ਤਾਂ ਤੂੰ ਲਿਆਈ ਨਹੀਂ। ਆਹ ਰਜਾਈ ਚੁੱਕ ਇੱਕ ਮਿੰਟ। ਮੈਂ ਕੰਬਲ ਵਿਛਾਵਾਂ।"

"ਤੂੰ ਲੱਗਦਾ ਸਾਰੀ ਰਾਤ ਉੱਤੇ ਰਹਿਣ ਦਾ ਪ੍ਰਬੰਧ ਕਰ ਰਿਹਾ।"

"ਤੂੰ ਰਜਾਈ ਚੁੱਕ। ਮੈਨੂੰ ਠੰਡ ਲੱਗਣ ਡਈ ਆ।"

ਮੈਂ ਮੰਜੀ ਤੋਂ ਰਜਾਈ ਚੁੱਕੀ ਤੇ ਉਸਨੇ ਕੰਬਲ ਨੂੰ ਦੋਹਰਾ ਕਰ ਵਿਛਾ ਦਿੱਤਾ। ਮੈਂ ਜਿਉਂ ਹੀ ਰਜਾਈ ਰੱਖੀ ਉਹ ਕਾਹਲੀ ਨਾਲ ਮੰਜੀ ਤੇ ਚੜ੍ਹ ਬੈਠ ਗਿਆ। ਮੈਂ ਖੜੀ ਹੀ ਰਹੀ। ਮੈਨੂੰ ਖੜੀ ਦੇਖ ਉਹ ਬੋਲਿਆ...

"ਬਹਿਜਾ ਤੂੰ ਵੀ ਕਿ ਖੜੀ ਈ ਰਹਿਣਾ?"

ਮੈਂ ਡਰਦੀ-ਡਰਦੀ ਰਜਾਈ ਵਿੱਚ ਬੈਠ ਗਈ। ਮੇਰੇ ਬੈਠਦੇ ਹੀ ਉਹ ਬੋਲਿਆ...

"ਕਿਹੜਾ-ਕਿਹੜਾ ਲੈਕਚਰ ਲੱਗਾ ਅੱਜ?"

"ਤੂੰ ਮੈਨੂੰ ਏਥੇ ਏਨੀ ਠੰਡ 'ਚ ਪੜ੍ਹਾਈ ਦੀਆਂ ਗੱਲਾਂ ਕਰਨ ਲਈ ਸੱਦਿਆ ਵਾ?"

"ਨਹੀਂ। ਉਦਾ ਈ। ਮੈਂ ਕਿਆ ਕੋਈ ਤਾਂ ਗੱਲ ਸ਼ੁਰੂ ਕਰਾਂ।"

"ਤੂੰ ਦੱਸ ਕਿੱਥੇ ਸੀ ਅੱਜ। ਕਾਲਜ ਏਨੀ ਦੇਰ ਨਾਲ ਆਇਆ?"

"ਕਿਤੇ ਨਹੀਂ ਬਸ ਕੰਮ ਗਿਆ ਸੀ ਕੋਈ। ਉਥੇ ਫਿਰ ਦੇਰੀ ਹੋਗੀ।"

"ਅੱਛਾ।"

"ਕਿਹਾ ਮੰਮੀ ਨੇ ਕੁਝ ਮੇਰੇ ਤੈਨੂੰ ਘਰ ਛੱਡ ਕੇ ਜਾਣ ਲਈ?"

"ਉਹਨਾਂ ਨੂੰ ਪਤਾ ਨਹੀਂ ਚੱਲਿਆ।"

"ਤੂੰ ਐਵੇਂ ਨਾ ਸੋਚਿਆ ਕਰ। ਕੁਝ ਨਹੀਂ ਕਹਿੰਦੀ ਮੰਮੀ।"

"ਮੰਮੀ ਤਾਂ ਕੁਝ ਨਹੀਂ ਕਹਿੰਦੇ। ਉਹਨਾਂ ਨੂੰ ਤਾਂ ਕੋਈ ਫਰਕ ਵੀ ਨਹੀਂ ਪੈਂਦਾ। ਬਸ ਉਹ ਇਸ ਕਰਕੇ ਰੋਕਦੇ ਤੇਰੇ ਨਾਲ ਆਉਣ ਤੋਂ ਕਿ ਮੰਮੀ ਨੂੰ ਕਈ ਵਾਰ ਲੋਕਾਂ ਤੋਂ ਗੱਲਾਂ ਸੁਣਨ ਨੂੰ ਮਿਲੀਆਂ ਆਪਣੇ ਦੋਵਾਂ ਬਾਰੇ।"

"ਕਿਹੋ ਜਿਹੀਆਂ ਗੱਲਾਂ।"

"ਆਹੀ ਕਿ ਤੇਰਾ ਤੇ ਮੇਰਾ ਕੋਈ ਚੱਕਰ ਆ। ਆਪਾਂ ਦੋਵੇਂ ਦੋਸਤ ਨਹੀਂ ਆ। ਵਗੈਰਾ-ਵਗੈਰਾ।"

"ਫਿਰ ਕੀ ਹੈਨੀ ਆਪਣਾ ਚੱਕਰ ਕੋਈ? ਆਪਾਂ ਦੋਸਤ ਆ ਸਿਰਫ?"

ਉਸਦੇ ਸਵਾਲ ਨੇ ਮੈਨੂੰ ਸੋਚਾਂ ਵਿੱਚ ਪਾ ਦਿੱਤਾ। ਮੈਨੂੰ ਸਮਝ ਨਾ ਆਈ ਕਿ ਕੀ ਜੁਆਬ ਦੇਵਾਂ। ਫਿਰ ਮੈਂ ਉਹੀ ਸਵਾਲ ਉਸਨੂੰ ਪੁੱਛਣ ਦਾ ਸੋਚਿਆ। ਕਿਉਂਕਿ ਅਕਸਰ ਸੁਣਿਆ ਹੈ ਕਿ ਜਦੋਂ ਕੋਈ ਸਾਨੂੰ ਸਵਾਲ ਕਰੇ ਤਾਂ ਉਸਨੂੰ ਹੀ ਉਸ ਸਵਾਲ ਵਿੱਚ ਉਲਝਾ ਜਵਾਬ ਦੱਸਣ ਲਈ ਮਜਬੂਰ ਕਰ ਦਿਉ। ਮੈਂ ਵੀ ਇਹੀ ਸੋਚ ਆਖਿਆ...

"ਮੈਨੂੰ ਤਾਂ ਨਹੀਂ ਲੱਗਦਾ। ਬਾਕੀ ਤੇਰੀਆਂ ਤੂੰ ਜਾਣੇ। ਤੂੰ ਦੱਸ ਕੀ ਹਾਂ ਆਪਾਂ?"

ਉਹ ਚੁੱਪ ਹੋ ਗਿਆ ਉਸਨੂੰ ਕੋਈ ਜੁਆਬ ਨਹੀਂ ਸੀ ਆ ਰਿਹਾ। ਉਹ ਸੋਚਦਾ-ਸੋਚਦਾ ਬੋਲਿਆ..

"ਮੈਨੂੰ ਨਹੀਂ ਪਤਾ। ਮੇਰੇ ਕੋਲ ਇਸ ਗੱਲ ਦਾ ਜੁਆਬ ਹੈਨੀ।"

"ਹਾਹਾਹਾਹਹਾ.. ਅਕਸਰ ਮਰਦਾਂ ਕੋਲ ਉਹਨਾਂ ਗੱਲਾਂ ਦੇ ਜੁਆਬ ਨਹੀਂ ਹੁੰਦੇ ਜਿਸ ਵਿੱਚ ਉਹਨਾਂ ਨੂੰ ਇੱਕ ਪੱਖ ਕਰਨਾ ਪਵੇ।"

"ਸਿਰਫ ਮਰਦ ਨਹੀਂ ਔਰਤਾਂ ਦਾ ਵੀ ਇਹੀ ਹਾਲ ਏ। ਔਰਤਾਂ ਦੀ ਇਹ ਆਦਤ ਕਿਉਂ ਬਣੀ ਹੋਈ ਏ ਕਿ ਹਰ ਗੱਲ ਵਿੱਚ ਮਰਦਾਂ ਦੀ ਭੰਡਣੀ ਕਰਦੇ ਰਹਿਣਾ?"

"ਲੈ ਦੱਸ। ਮਰਦ ਵੀ ਤਾਂ ਔਰਤਾਂ ਨੂੰ ਨਿੰਦਦੇ ਹੀ ਰਹਿੰਦੇ। ਫਰਕ ਤਾਂ ਕੁਝ ਨਹੀਂ ਆ। ਦੋਵੇਂ ਇੱਕੋ ਥਾਲੀ ਦੇ ਚੱਟੇ ਬੱਟੇ ਨੇ।"

"ਹਾਹਾਹਾਹਹਾ.. ਤੂੰ ਬਾਲੀ ਸਿਆਣੀ ਹੋਗੀ ਅੱਜ ਕੱਲ੍ਹ।"

"ਨਹੀਂ ਸਿਆਣੀ ਤਾਂ ਪਹਿਲਾਂ ਹੁੰਦੀ ਸੀ। ਅੱਜਕੱਲ੍ਹ ਤਾਂ ਮੇਰਾ ਸੁਭਾਅ ਹੀ ਬਦਲੀ ਜਾ ਰਿਹਾ। ਨਿਆਣਿਆਂ ਵਾਲਾ ਸੁਭਾਅ ਹੋਈ ਜਾਂਦਾ ਮੇਰਾ।"

"ਅੱਛਾ ਕਿਵੇਂ? ਮੈਨੂੰ ਤਾਂ ਨਹੀਂ ਦਿਖਿਆ ਤੇਰੇ 'ਚ ਕੋਈ ਜਵਾਕ।"

"ਤੈਨੂੰ ਦਿਖਣਾ ਵੀ ਨਹੀਂ। ਤੈਨੂੰ ਤਾਂ ਅਦਿੱਤੀ ਵਿੱਚ ਦਿਖੂ।"

"ਹੁਣ ਅਦਿੱਤੀ ਵਿੱਚ ਕਿੱਥੋਂ ਆ ਗਈ?"

"ਕਿਉਂ ਆਵੇਗੀ ਨਹੀਂ? ਉਹ ਤਾਂ ਪਹਿਲਾਂ ਹੀ ਵਿੱਚ ਏ।"

"ਜੇ ਤੂੰ ਅਦਿੱਤੀ ਨੂੰ ਲਿਆਉਣਾ ਵਿੱਚ ਤਾਂ ਮੈਂ ਚੱਲਿਆ। ਅਦਿੱਤੀ ਬਾਰੇ ਨਹੀਂ ਆਪਾਂ ਕੋਈ ਗੱਲ ਕਰਨੀ। ਉਸਦਾ ਕੋਈ ਕਸੂਰ ਨਹੀਂ। ਉਸਨੂੰ ਵਿਚਾਰੀ ਨੂੰ ਤਾਂ ਕੋਈ ਖਬਰ ਨਹੀਂ।"

"ਹਾਂ। ਕਸੂਰ ਤਾਂ ਤੇਰਾ ਏ ਜਾਂ ਮੇਰਾ ਏ।"

"ਨਹੀਂ ਕਿਸੇ ਦਾ ਕੋਈ ਕਸੂਰ ਨਹੀਂ। ਤੂੰ ਚੁੱਪ ਕਰ। ਆਹ ਸਭ ਗੱਲਾਂ ਨਹੀਂ ਕਰਨ ਨੂੰ ਆਪਾਂ ਬੈਠੇ। ਇਹਨਾਂ ਗੱਲਾਂ ਨੇ ਤਾਂ ਸਾਰੀ ਉਮਰ ਨਹੀਂ ਮੁੱਕਣਾ।"

"ਅੱਛਾ ਤੇ ਤੂੰ ਸਾਰੀ ਉਮਰ ਹੀ ਦੋਵਾਂ ਬੇੜੀਆਂ 'ਚ ਪੈਰ ਰੱਖ ਛੱਡੇਗਾ?"

"ਤੇਰੇ ਤੋਂ ਤਾਂ ਰੱਬ ਹੀ ਫਨ੍ਹਾ ਵਾ। ਹਰ ਗੱਲ ਦਾ ਜੁਆਬ ਹੁੰਦਾ। ਕੋਈ ਹੋਰ ਗੱਲ ਕਰ।"

"ਕੀ ਗੱਲ ਕਰਾਂ? ਹੈਨੀ ਮੇਰੇ ਕੋਲ ਹੋਰ ਗੱਲਾਂ।"

"ਕਿਉਂ ਕਿੱਥੇ ਗਈਆਂ? ਪਹਿਲਾਂ ਤਾਂ ਤੇਰੀ ਜੁਬਾਨ ਕਦੇ ਬੰਦ ਨਹੀਂ ਸੀ ਹੁੰਦੀ।"

"ਗੋਵਿੰਦ ਯਾਰ ਚੁੱਪ ਕਰ ਕੁਝ ਚਿਰ। ਉਹ ਗੱਲ ਕਰ ਜੋ ਕਰਨ ਲਈ ਸੱਦਿਆ ਏ। ਵਕਤ ਖਰਾਬ ਨਾ ਕਰ।"

"ਕਿਹੜੀ ਗੱਲ?"

"ਮੈਨੂੰ ਕੀ ਪਤਾ ਦੱਸ। ਤੂੰ ਸੱਦਿਆ ਤੈਨੂੰ ਈ ਪਤਾ ਹੋਊ।"

"ਮੈਨੂੰ ਤਾਂ ਠੰਡ ਲੱਗੀ ਜਾਂਦੀ। ਲੱਕ ਠਰ ਗਿਆ ਮੇਰਾ ਬੈਠੇ ਦਾ। ਮੈਂ ਲੰਮੇ ਲੱਗਾ ਪੈਣ। ਤੈਨੂੰ ਨਹੀਂ ਲੱਗਦੀ ਠੰਡ। ਤੂੰ ਕੀ ਚਿੜੇ ਖਾਧੇ ਆ?"

"ਲੱਗਦੀ ਆ ਮੈਨੂੰ ਵੀ।"

"ਪੈਜਾ ਫਿਰ ਤੂੰ ਵੀ?"

"ਏਥੇ ਈ। ਤੇਰੇ ਨਾਲ ਇੱਕੋ ਰਜਾਈ 'ਚ?"

"ਕਿਉਂ ਡਰ ਲੱਗਦਾ? ਡਰ ਨਾ। ਤੇਰੇ ਪੁੱਛੇ ਬਿਨਾਂ ਹੱਥ ਵੀ ਨਹੀਂ ਲਾਉਂਦਾ ਤੈਨੂੰ।"

"ਮਤਲਬ ਹੱਥ ਲਾਵੇਗਾ ਜ਼ਰੂਰ। ਮਨ ਬਣਾ ਲਿਆ ਤੂੰ? ਬਸ ਪੁੱਛਣ ਵਾਲਾ ਡਰਾਮਾ ਬਾਕੀ ਏ।"

"ਹਾਹਾਹਾਹਾਹ.. ਨਹੀਂ ਬਾਬਾ। ਤੂੰ ਹਰ ਗੱਲ ਨੂੰ ਲੈ ਪਤਾ ਨਹੀਂ ਕੀ-ਕੀ ਸੋਚੀ ਜਾਂਦੀ ਏ। ਮੈਂ ਬਸ ਉਂਝ ਹੀ ਕਿਹਾ। ਪੈਜਾ ਤੂੰ, ਕਿਉਂ ਮਰਨਾ ਠੰਡ 'ਚ।"

ਮੈਨੂੰ ਵੀ ਠੰਡ ਲੱਗ ਰਹੀ ਸੀ। ਕੋਟੀ ਤਾਂ ਪਾਈ ਹੋਈ ਸੀ ਪਰ ਧੁੰਦ ਤਾਂ ਜਿਵੇਂ ਮੀਂਹ ਵਾਂਗ ਵਰ੍ਹ ਰਹੀ ਹੋਵੇ। ਮੇਰੀ ਪਿੱਠ ਵੀ ਠਰੀ ਪਈ ਸੀ। ਮੈਂ ਹੌਲੀ ਹੌਲੀ ਖਿਸਕਦੀ ਹੋਈ ਉਸਦੇ ਨਾਲ ਹੀ ਰਜਾਈ 'ਚ ਲੰਮੇ ਪੈ ਗਈ। ਉਸਨੇ ਬਾਂਹ ਮੇਰੇ ਸਿਰ ਥੱਲਿਉਂ ਕੱਢੀ ਤੇ ਬੋਲਿਆ...

"ਮੇਰੀ ਬਾਂਹ ਤੇ ਰੱਖ ਲਾ ਸਿਰ।"

ਮੈਂ ਨਜ਼ਰਾਂ ਭਰ ਉਸ ਵੱਲ ਵੇਖਿਆ ਤੇ ਸਿਰ ਉਸਦੀ ਬਾਂਹ ਤੇ ਰੱਖ ਲਿਆ। ਕੁਝ ਚਿਰ ਚੁੱਪ ਰਹੀ ਤੇ ਉਹ ਵੀ ਚੁੱਪ ਰਿਹਾ। ਮੈਂ ਬੋਲੀ..

"ਚੱਲੀਏ? ਕੋਈ ਆ ਨਾ ਜਾਵੇ? ਕਿਸੇ ਦੇਖ ਲਿਆ ਤਾਂ ਪੰਗਾ ਨਾ ਪੈਜੇ।"

"ਚੱਲਦੇ ਆ ਕੋਈ ਨਾ ਕੁਝ ਚਿਰ ਤੱਕ। ਤੂੰ ਕਿਹੜਾ ਰੋਜ-ਰੋਜ ਆਉਣਾ ਕੋਠੇ ਤੇ ਮੇਰੇ ਕਹਿਣ ਤੇ?"

"ਤੈਨੂੰ ਕੀ ਲੱਗਦਾ ਸੱਦੇਗਾ ਤੇ ਮੈਂ ਨਹੀਂ ਆਵਾਂਗੀ?"

"ਪ੍ਰੀਤਾ ਯਾਰ ਤੂੰ ਪਹਿਲਾਂ ਕਿਉਂ ਨਹੀਂ ਮੈਨੂੰ ਦੱਸਿਆ ਕਿ ਤੂੰ ਵੀ ਮੈਨੂੰ ਪਿਆਰ ਕਰਦੀ ਏ।"

"ਮੈਨੂੰ ਤਾਂ ਖੁਦ ਨੂੰ ਨਹੀਂ ਸੀ ਪਤਾ ਯਾਰ। ਆਹ ਹੁਣ ਅਦਿੱਤੀ ਨਾਲ ਤੈਨੂੰ ਦੇਖਿਆ ਤਾਂ ਫਿਰ ਤੈਨੂੰ ਗਵਾਉਣ ਦਾ ਅਹਿਸਾਸ ਹੋਇਆ। ਉਂਝ ਤਾਂ ਤੂੰ ਕਦੇ ਦੂਰ ਈ ਨਹੀਂ ਹੋਇਆ ਇੱਕ ਪਲ ਲਈ ਵੀ ਮੇਰੇ ਤੋਂ। ਜੇ ਪਹਿਲਾਂ ਹੋਇਆ ਹੁੰਦਾ ਤਾਂ ਮੈਨੂੰ ਵੀ ਪਹਿਲਾਂ ਪਤਾ ਲੱਗ ਜਾਣਾ ਸੀ। ਖੈਰ ਹਰ ਚੀਜ਼ ਦਾ ਵਕਤ ਹੁੰਦਾ।"

"ਹਾਂ ਵਕਤ ਤਾਂ ਹੁੰਦਾ ਪਰ। ਮੈਨੂੰ ਸਮਝ ਨਹੀਂ ਆਉਂਦੀ ਕਿ ਮੈਂ ਤੈਨੂੰ ਧੋਖਾ ਦੇਵਾਂ ਕਿ ਅਦਿੱਤੀ ਨੂੰ। ਮੈਂ ਫਸ ਗਿਆ ਯਾਰ। ਮੈਂ ਨਾ ਤਾਂ ਤੈਨੂੰ ਛੱਡਣਾ ਚਾਹੁੰਦਾ ਤੇ ਨਾਲ ਹੀ ਅਦਿੱਤੀ ਨੂੰ। ਤੈਨੂੰ ਵੀ ਪਤਾ ਇਸ ਗੱਲ ਦਾ ਕਿ ਅਦਿੱਤੀ ਵਰਗੀ ਕੋਈ ਕੁੜੀ ਹੈਨੀ। ਤੇ ਤੇਰੇ ਵਰਗੀ ਮੈਨੂੰ ਕਿਤੇ ਨਹੀਂ ਮਿਲਣੀ। ਮੈਨੂੰ ਤੁਸੀਂ ਦੋਵੇਂ ਚਾਹੀਦੀਆਂ ਯਾਰ।"

ਉਸਦੀਆਂ ਗੱਲਾਂ ਸੁਣ ਮੈਂ ਚੁੱਪ ਹੋ ਗਈ। ਮੈਨੂੰ ਤਾਂ ਉਮੀਦ ਹੀ ਨਹੀਂ ਸੀ। ਆਹ ਜੋ ਸਭ ਮੇਰੇ ਤੇ ਗੋਵਿੰਦ ਵਿੱਚ ਹੋ ਰਿਹਾ ਸੀ। ਮੈਂ ਕੀ ਜੁਆਬ ਦੇਵਾਂ ਮੈਨੂੰ ਸਮਝ ਨਾ ਆਈ। ਕਿਉਂਕਿ ਉਸਨੂੰ ਅਦਿੱਤੀ ਤੋਂ ਵੱਖ ਹੋਣ ਲਈ ਕਹਿਣ ਦਾ ਮਤਲਬ ਸੀ ਅਦਿੱਤੀ ਦੀ ਜ਼ਿੰਦਗੀ ਨਾਲ ਖੇਡਣਾ। ਜਿੰਨੀ ਅਦਿੱਤੀ ਉਸਨੂੰ ਪਸੰਦ ਸੀ ਉਨੀ ਹੀ ਮੈਨੂੰ ਵੀ ਪਸੰਦ ਸੀ।

ਵਾਕਿਆ ਉਸ ਜਿਹੀ ਕੁੜੀ ਕਿਤੇ ਰੋਜ-ਰੋਜ ਨਹੀਂ ਜੰਮਦੀ। ਮੈਂ ਕੁਝ ਨਾ ਬੋਲੀ ਤਾਂ ਗੋਵਿੰਦ ਫਿਰ ਬੋਲਿਆ..

"ਤੂੰ ਹੁਣ ਚੁੱਪ ਨਾ ਹੋ ਯਾਰ। ਤੂੰ ਮੇਰੀ ਦੋਸਤ ਵੀ ਏ। ਜੇ ਤੂੰ ਹੀ ਨਾ ਮੇਰੀ ਹਾਲਤ ਸਮਝੀ ਤਾਂ ਕੌਣ ਸਮਝੂ ਯਾਰ? ਮੈਂ ਕਿਸੇ ਹੋਰ ਨੂੰ ਦੱਸ ਵੀ ਨਹੀਂ ਸਕਦਾ ਕਿ ਮੇਰੀ ਕੀ ਹਾਲਤ ਬਣੀ ਹੋਈ ਏ। ਮੈਂ ਤੈਨੂੰ ਛੱਡਾ ਜਾਂ ਅਦਿੱਤੀ ਨੂੰ ਮੇਰੀ ਦੋਵੇਂ ਪਾਸਿਉਂ ਮੌਤ ਹੀ ਆ। ਚੁੱਪ ਕਿਉਂ ਏ ਯਾਰ, ਦੱਸ ਮੈਂ ਕੀ ਕਰਾਂ?"

"ਵਕਤ ਦੇ ਗੋਵਿੰਦ। ਅਦਿੱਤੀ ਨੂੰ ਵੀ ਤੇ ਮੈਨੂੰ ਵੀ। ਅਜੇ ਆਪਾਂ ਉਲਝਣ 'ਚ ਹਾਂ। ਨਵਾਂ-ਨਵਾਂ ਜੋ ਹੈ ਇਹ ਸਭ ਸ਼ਾਇਦ ਤਾਂ ਕਰਕੇ। ਮੈਂ ਸੁਣਿਆ ਵਕਤ ਹਰ ਚੀਜ਼ ਨੂੰ ਠੀਕ ਕਰ ਦੇਂਦਾ। ਕਾਹਲੀ ਨਹੀਂ ਕਰਨੀ ਚਾਹੀਦੀ। ਤੂੰ ਵੀ ਕਾਹਲੀ ਨਾ ਕਰ। ਤੂੰ ਦੋਹਾਂ ਨੂੰ ਪਿਆਰ ਕਰ। ਫਿਰ ਜਿੱਥੇ ਰੱਬ ਦੀ ਮਰਜੀ ਹੋਵੂ ਜਾਂ ਤੇਰੀ ਹੋਵੂ। ਉਸ ਵੱਲ ਰੁੱਖ ਕਰ ਲਵੀਂ। ਕਾਹਲੀ ਨਾ ਕਰ। ਕਿਉਂਕਿ ਅਦਿੱਤੀ ਨੂੰ ਪੂਰਾ ਹੱਕ ਹੈ ਤੇਰੇ ਉੱਪਰ ਤੇ ਮੈਨੂੰ ਵੀ। ਤੂੰ ਬਸ ਵਕਤ ਦੇ ਸਾਨੂੰ ਦੋਵਾਂ ਨੂੰ।"

"ਇੰਝ ਆਪਾਂ ਹੋਰ ਉਲਝਣ 'ਚ ਨਾ ਪਵਾਂਗੇ? ਏਦਾਂ ਤੂੰ ਮੈਨੂੰ ਤੇ ਅਦਿੱਤੀ ਨੂੰ ਦੇਖ ਨਰਾਜ ਤਾਂ ਨਹੀਂ ਹੋਵੇਗੀ?"

"ਨਹੀਂ ਹੁੰਦੀ ਮੈਂ ਨਰਾਜ। ਵਾਅਦਾ ਰਿਆ। ਮੈਂ ਬਸ ਇੰਤਜ਼ਾਰ ਕਰਾਂਗੀ। ਜੋ ਲਿਖਿਆ ਹੋਵੂ।"

ਉਸਦੇ ਮੂੰਹ ਤੇ ਰੌਣਕ ਆ ਗਈ ਤੇ ਉਸਨੇ ਖੁਸ਼ੀ ਵਿੱਚ ਮੇਰਾ ਮੂੰਹ ਚੁੰਮ ਲਿਆ। ਉਸਦੇ ਮੂੰਹ ਚੁੰਮਦੇ ਹੀ ਮੈਂ ਬੋਲੀ..

"ਤੂੰ ਤੇ ਕਹਿੰਦਾ ਜੀ ਮੈਨੂੰ ਪੁੱਛੇ ਬਿਨਾਂ ਹੱਥ ਨਹੀਂ ਲਾਉਂਦਾ। ਆਹ ਕੀ ਆ ਹੁਣ?"

"ਓ ਮੁਆਫ ਕਰੀਂ। ਸਬਰ ਨਹੀਂ ਹੋ ਪਾਇਆ। ਤੇਰੀ ਗੱਲ ਤੇ ਪਿਆਰ ਹੀ ਬੜਾ ਆਇਆ।"

"ਪਿਆਰ ਨੂੰ ਕੰਟਰੋਲ 'ਚ ਰੱਖ। ਜਦ ਤੱਕ ਆਪਾਂ ਕਿਸੇ ਫੈਸਲੇ ਤੇ ਨਹੀਂ ਪਹੁੰਚਦੇ ਤੂੰ ਇਹ ਸਭ ਕਰਨ ਦੀ ਕੋਸ਼ਿਸ਼ ਨਹੀਂ ਕਰੇਗਾ। ਕਿਉਂਕਿ ਤੂੰ ਜਦੋਂ ਵੀ ਕਰੇਗਾ। ਫਿਰ ਮੇਰਾ ਵੀ ਜੀਅ ਕਰੂ ਅੱਗੇ ਵਧਣ ਲਈ। ਇਸ ਲਈ ਧਿਆਨ ਰੱਖੀ।"

"ਤੂੰ ਆਪਣਾ ਰੱਖੀ ਮੈਂ ਤਾਂ ਚੱਲ ਕਰ ਹੀ ਲਵੂ ਸਬਰ। ਉਂਝ ਤੈਨੂੰ ਪਤਾ ਔਰਤਾਂ ਵਿੱਚ ਮਰਦਾਂ ਦੇ ਮੁਕਾਬਲੇ ਕਾਮ ਵਧੇਰੇ ਹੁੰਦਾ ਏ।"

"ਹਾਂ ਪਤਾ। ਵੈਸੇ ਆਹ ਕਾਮ ਕਿਧਰੋ ਆ ਗਿਆ। ਮੇਰੇ ਨਾਲ ਇਸ ਵਿਸ਼ੇ ਤੇ ਕੋਈ ਗੱਲ ਨਾ ਕਰੀਂ। ਕਿਹਾ ਨਾ ਕਿ ਬਹੁਤਾ ਨਹੀਂ ਖੁੱਲ੍ਹਣਾ।"

"ਚੰਗਾ ਮੇਰੀ ਮਾਂ।"

"ਮੈਂ ਚੱਲਦੀ ਆ ਯਾਰ। ਮੰਮੀ ਨੇ ਦੇਖ ਲਿਆ ਤਾਂ ਮੇਰੇ ਜੂੰਡਿਆਂ ਨੂੰ ਤੇਲ ਬਹੁਤ ਲੱਗਣਾ।"

"ਇਸ਼ਕ 'ਚ ਛਿੱਤਰ ਤਾਂ ਖਾਣੇ ਹੀ ਚਾਹੀਦੇ।"

ਮੈਂ ਕਾਹਲੀ ਨਾਲ ਰਜਾਈ 'ਚੋਂ ਬਾਹਰ ਨਿਲਕੀ ਤੇ ਕੰਬਲ ਖਿੱਚਦੀ ਹੋਈ ਬੋਲੀ..

"ਮੈਨੂੰ ਕੋਈ ਚਾਅ ਨਹੀਂ ਤੇਰੇ ਕਰਕੇ ਛਿੱਤਰ ਖਾਣ ਦਾ। ਤੂੰ ਉੱਠ ਤੇ ਜਾ ਕੇ ਸੌਂ। ਕੰਬਲ ਛੱਡ ਮੈਂ ਵੀ ਚੱਲੀ ਆ।"

ਉਹ ਉੱਠਿਆ ਤੇ ਮੈਂ ਕੰਬਲ ਖਿੱਚ ਇਕੱਠਾ ਕਰ ਲਿਆ। ਮੈਂ ਤੁਰਨ ਲੱਗੀ ਤਾਂ ਉਹ ਬੋਲਿਆ..

"ਚੱਲ ਕੱਲ੍ਹ ਨੂੰ ਮਿਲਦੇ ਆ।"

"ਨਹੀਂ ਰੋਜ-ਰੋਜ ਨਹੀਂ। ਬਸ ਹਫਤੇ 'ਚ ਇੱਕ ਦੋ ਵਾਰ।"

"ਐਵੇਂ? ਚੱਲ ਰੋਜ-ਰੋਜ ਨਾ ਸਹੀਂ। ਇੱਕ ਦਿਨ ਛੱਡ ਕੇ ਠੀਕ ਆ।"

"ਚੱਲ ਠੀਕ ਆ। ਮੈਂ ਚੱਲਦੀ ਹੁਣ।"

"ਚੰਗਾ।"

ਮੈਂ ਕੰਬਲ ਕੰਧ ਤੇ ਰੱਖਿਆ ਤੇ ਕੰਧ ਟੱਪ, ਕੰਬਲ ਚੁੱਕ ਆਪਣੇ ਕਮਰੇ ਵਿੱਚ ਆ ਗਈ। ਆਉਂਦੇ ਹੀ ਰਜਾਈ ਵਿੱਚ ਲੁਕ ਗਈ। ਠੰਡ ਬਹੁਤ ਹੀ ਜਿਆਦਾ ਲੱਗ ਰਹੀ ਸੀ। ਮੇਰੇ ਅੰਦਰ ਤਾਂ ਚਾਅ ਹੀ ਬਹੁਤ ਸੀ। ਮੈਨੂੰ ਯਕੀਨ ਨਹੀਂ ਸੀ ਹੋ ਰਿਹਾ ਕਿ ਮੇਰੇ ਤੇ ਗੋਵਿੰਦ ਵਿੱਚ ਕੁਝ ਵੀ ਵਿਗੜਿਆ ਨਹੀਂ ਸੀ ਜਾਪ ਰਿਹਾ। ਸਗੋਂ ਪਹਿਲਾਂ ਨਾਲੋਂ ਵੀ ਕਿਤੇ ਵੱਧਕੇ ਸੀ। ਮੈਨੂੰ ਇਹ ਸਭ ਦੀ ਬਿਲਕੁਲ ਉਮੀਦ ਨਹੀਂ ਸੀ। ਮੈਂ ਆਪਣਾ ਫ਼ੂਨ ਫੜਿਆ ਤੇ ਉਸਦੀ ਵੱਟਸਐੱਪ ਤੇ ਫੋਟੋ ਨੂੰ ਕਿੰਨਾ ਚਿਰ ਦੇਖਦੀ ਰਹੀ। ਫਿਰ ਮੈਂ ਫ਼ੂਨ ਇੱਕ ਪਾਸੇ ਰੱਖਿਆ ਤੇ ਕੁਝ ਪਲਾਂ ਵਿੱਚ ਹੀ ਸੌਂ ਗਈ। ਸਵੇਰ ਹੋਈ ਤਾਂ ਮੈਂ ਕਾਲਜ ਨੂੰ ਚੱਲ ਪਈ। ਜਾ ਖੜੀ ਡਾ. ਅੰਬੇਦਕਰ ਚੌਂਕ ਵਿੱਚ ਤੇ ਬੱਸ ਦੀ ਉਡੀਕ ਕਰਨ ਲੱਗੀ। ਮੈਂ ਫ਼ੂਨ ਕੱਢਿਆ ਤੇ ਕੁਝ ਦੇਖਣ ਲੱਗ ਪਈ। ਮੇਰਾ ਧਿਆਨ ਫ਼ੂਨ ਵਿੱਚ ਸੀ, ਮੈਨੂੰ ਪਤਾ ਹੀ ਨਾ ਲੱਗਾ ਕਦ ਗੋਵਿੰਦ ਨੇ ਬੁੱਲਟ ਬਿਲਕੁਲ ਮੇਰੇ ਸਾਹਮਣੇ ਖੜਾ ਕਰ ਦਿੱਤਾ। ਮੈਂ ਇੱਕ ਦਮ ਚੌਂਕ ਗਈ। ਉਹਦੇ ਖੁੱਲੇ ਰੱਖੇ ਵਾਲ ਜਿਵੇਂ ਪੁਰਾਣੀਆਂ ਫਿਲਮਾਂ ਵਿੱਚ ਸੰਜੇ ਦੱਤ ਨੇ ਰੱਖੇ ਹੁੰਦੇ ਸਨ। ਗੋਲ ਸ਼ੀਸ਼ਿਆਂ ਵਾਲੀਆਂ ਲੱਗੀਆਂ ਐਨਕਾਂ। ਹਰੇ ਰੰਗ ਦੀ ਪਾਈ ਫੌਜੀਆਂ ਵਾਲੀ ਕਮੀਜ ਮੇਰੇ ਤੇ ਕਹਿਰ ਢਾਅ ਰਹੀ ਸੀ। ਬਹੁਤ ਸੋਹਣਾ ਲੱਗ ਰਿਹਾ ਸੀ। ਮੈਂ ਉਸਨੂੰ ਤੱਕਣ ਵਿੱਚ ਮਸ਼ਰੂਫ ਸੀ ਕਿ ਉਹ ਬੋਲਿਆ..

"ਦੇਖੀ ਜਾਣਾ ਈ? ਕਾਲਜ ਨਹੀਂ ਜਾਣਾ।"

ਮੈਂ ਆਪਣੇ ਆਪ ਨੂੰ ਸੰਭਾਲਦੀ ਹੋਈ ਬੋਲੀ...

"ਜਾਣਾ ਵਾ।"

"ਬਹਿਜਾ ਫਿਰ।"

ਮੈਂ ਬਿਨਾਂ ਕੁਝ ਬੋਲੇ ਬਸ ਛੇਤੀ ਨਾਲ ਬੈਠ ਗਈ। ਇੱਕ ਹੱਥ ਮੈਂ ਉਸਦੇ ਮੋਢੇ ਤੇ ਰੱਖ ਲਿਆ। ਅਸੀਂ ਚੱਲ ਪਏ। ਕੁਝ ਕੁ ਰਸਤਾ ਲੰਘਣ ਤੇ ਮੈਂ ਪੁੱਛਿਆ..

"ਤੂੰ ਅਦਿੱਤੀ ਨੂੰ ਨਹੀਂ ਲੈਣ ਜਾਣਾ ਅੱਜ?"

"ਨਹੀਂ ਉਹਨੇ ਆ ਜਾਣਾ ਆਪੇ।"

"ਅੱਛਾ"

ਮੈਂ ਹੋਰ ਉਸਦੇ ਨਾਲ ਜੁੜ ਬੈਠ ਗਈ। ਕੁਝ ਚਿਰ 'ਚ ਅਸੀਂ ਕਾਲਜ ਪਹੁੰਚ ਗਏ। ਕਾਲਜ ਦਾ ਗੇਟ ਲੰਘਦੇ ਹੀ ਮੈਂ ਦੇਖਿਆ ਕਿ ਪਾਰਕਿੰਗ ਦੇ ਸਾਹਮਣੇ ਹੀ ਅਦਿੱਤੀ ਖੜੀ ਸੀ। ਉਸਨੇ ਜ਼ੀਨ ਦੀ ਪੈਂਟ ਤੇ ਟੌਪ ਦੇ ਉਪਰ ਗਾਜਰੀ ਰੰਗ ਦੀ ਜੈਕਟ ਪਾਈ ਹੋਈ ਸੀ। ਸਾਨੂੰ ਇਕੱਠਿਆਂ ਆਉਂਦਾ ਦੇਖ ਉਸਨੇ ਚਿਹਰੇ ਤੇ ਮੁਸਕਾਨ ਲਿਆਂਦੀ। ਮੈਂ ਸਮਝ ਨਹੀਂ ਪਾਈ ਕਿ ਉਸਦੀ ਮੁਸਕਾਨ ਬਸ ਦਿਖਾਵੇ ਦੀ ਜਾਂ ਫਿਰ ਸੱਚਿਉ ਮੁਸਕਰਾ ਰਹੀ ਸੀ। ਗੋਵਿੰਦ ਨੇ ਮੈਨੂੰ ਉਸਦੇ ਕੋਲ ਹੀ ਉਤਾਰ ਦਿੱਤਾ ਤੇ ਆਪ ਬੁੱਲਟ ਪਾਰਕਿੰਗ ਵਿੱਚ ਲਗਾਉਣ ਚਲਾ ਗਿਆ। ਮੈਂ ਅਦਿੱਤੀ ਨੂੰ ਮਿਲੀ ਤਾਂ ਅਦਿੱਤੀ ਬੋਲੀ..

"ਗੋਵਿੰਦ ਤਾਂ ਕਹਿੰਦੇ ਸੀ ਮੈਂ ਦੇਰੀ ਨਾਲ ਆਉਣਾ। ਹੁਣ ਆ ਵੀ ਗਏ।"

"ਮੈਨੂੰ ਤਾਂ ਨਹੀਂ ਦੱਸਿਆ ਉਸਨੇ। ਮੈਂ ਤਾਂ ਬੱਸ ਦੀ ਉਡੀਕ ਕਰਦੀ ਸੀ। ਉੱਥੋਂ ਬਿਠਾ ਕੇ ਲਿਆਇਆ ਮੈਨੂੰ ਤਾਂ।"

"ਅੱਛਾ। ਹੋਰ ਕਿਵੇਂ ਘਰੇ ਸਭ ਠੀਕ-ਠਾਕ?"

" ਹਾਂਜੀ ਸਭ ਵਧੀਆ। ਤੁਸੀਂ ਦੱਸੋਂ ਕਿਵੇਂ ਸਭ?

"ਵਧੀਆ।"

ਅਸੀਂ ਇੱਕ ਦੂਜੇ ਨੂੰ ਹਾਲ-ਚਾਲ ਪੁੱਛ ਰਹੇ ਸੀ ਕਿ ਗੋਵਿੰਦ ਆ ਗਿਆ। ਅਦਿੱਤੀ ਗੋਵਿੰਦ ਨੂੰ ਮਿਲੀ ਤਾਂ ਮੈਨੂੰ ਉਸਨੂੰ ਗਲ ਲਾ ਮਿਲਦਾ ਦੇਖ ਸਾੜਾ ਹੋਇਆ। ਮੈਂ ਉਹਨਾਂ ਨੂੰ ਦੇਖ ਨਜ਼ਰ ਝੁਕਾ ਲਈ। ਅਦਿੱਤੀ ਗੋਵਿੰਦ ਨੂੰ ਉਹੀ ਸਵਾਲ ਪੁੱਛਣ ਲੱਗ ਪਈ..

"ਤੁਸੀਂ ਤਾਂ ਕਹਿੰਦੇ ਸੀ ਤੁਸੀਂ ਕਿਸੇ ਕੰਮ ਜਾਣਾ। ਦੇਰ ਨਾਲ ਆਉਣਾ, ਹੁਣ ਆ ਵੀ ਗਏ?"

"ਹਾਂ ਜਾਣਾ ਸੀ। ਕਿਸੇ ਬੰਦੇ ਨੂੰ ਮਿਲਣਾ ਸੀ ਜਰੂਰੀ। ਪਰ ਉਸਨੇ ਫ਼ੂਨ ਕਰ ਦਿੱਤਾ ਕਿ ਸ਼ਾਮੀ ਮਿਲੂ। ਇਸ ਲਈ ਮੈਂ ਕਾਲਜ ਨੂੰ ਆ ਗਿਆ। ਫਿਰ ਪ੍ਰੀਤਾ ਖੜੀ ਦੇਖੀ ਤਾਂ ਨਾਲ ਬਿਠਾ ਲਿਆਇਆ।"

"ਚਲੋ ਵਧੀਆ ਕੀਤਾ ਆ ਗਏ। ਮੈਂ ਜਰੂਰੀ ਗੱਲ ਕਰਨੀ ਸੀ ਇੱਕ।"

ਉਹ ਦੋਵੇਂ ਆਪਸੀ ਗੱਲਾਂ ਕਰ ਰਹੇ ਸੀ। ਅਦਿੱਤੀ ਦੇ ਸਵਾਲਾਂ-ਜੁਆਬਾਂ ਤੋਂ ਮੈਂ ਅੰਦਾਜ਼ਾ ਲਗਾਇਆ ਜਿਵੇਂ ਗੋਵਿੰਦ ਉਸਨੂੰ ਝੂਠ ਬੋਲ ਰਿਹਾ ਹੋਵੇ। ਮੈਂ ਕੁਝ ਨਾ ਬੋਲੀ। ਬਸ ਸੁਣਦੀ ਰਹੀ। ਉਹ ਕਲਾਸ ਨੂੰ ਚੱਲ ਪਏ। ਮੈਂ ਵੀ ਉਹਨਾਂ ਦੇ ਨਾਲ ਹੀ ਚੱਲ ਪਈ। ਗੋਵਿੰਦ ਬੋਲਿਆ..

"ਕਿਹੜੀ ਜਰੂਰੀ ਗੱਲ ਕਰਨੀ?"

"ਦੱਸਦੀ ਆ ਸਬਰ ਰੱਖੋ। ਏਨੀ ਕੀ ਕਾਹਲੀ ਆ ਭਲਾ?"

"ਹਾਹਾਹਾਹਾ.. ਅੱਜਕੱਲ੍ਹ ਸਾਰੇ ਹੀ ਸਬਰ ਰੱਖਣ ਨੂੰ ਕਹੀ ਜਾਂਦੇ।"

"ਕਿਉਂ ਹੋਰ ਕਿਸਨੇ ਕਿਹਾ?"

ਅਦਿੱਤੀ ਨੇ ਸਵਾਲ ਗੋਵਿੰਦ ਨੂੰ ਕੀਤਾ ਪਰ ਧਿਆਨ ਮੇਰੇ ਵੱਲ ਮਾਰਿਆ। ਮੈਂ ਉਹਨਾਂ ਨੂੰ ਦੇਖ ਰਹੀ ਸੀ। ਮੈਂ ਬੁੱਲ੍ਹ ਵੱਟਦੇ ਹੋਏ। ਮੋਢੇ ਉਤਾਂਹ ਨੂੰ ਚੁੱਕ ਇਸ਼ਾਰਾ ਕੀਤਾ "ਕਿ ਕੀ ਪਤਾ"। ਪਰ ਮੇਰੇ ਮਨ ਅੰਦਰ ਵਹਿਮ ਪੈ ਗਿਆ ਜਿਵੇਂ ਅਦਿੱਤੀ ਨੂੰ ਸਾਡੇ ਉੱਪਰ ਕਿਸੇ ਤਰ੍ਹਾਂ ਦਾ ਸ਼ੱਕ ਹੋਵੇ। ਪਤਾ ਨਹੀਂ ਉਹ ਸ਼ੱਕ ਸੀ ਜਾਂ ਫਿਰ ਬਸ ਉਂਝ ਪੁੱਛ ਰਹੀ ਸੀ। ਮੈਂ ਨਹੀਂ ਸੀ ਜਾਣਦੀ। ਅਕਸਰ ਜਦੋਂ ਆਪਾਂ ਇਹੋ ਜਿਹੇ ਹਾਲਾਤਾਂ ਵਿੱਚ ਹੋਈਏ ਤਾਂ ਸਾਡੇ ਮਨ ਅੰਦਰ ਕਿਤੇ ਨਾ ਕਿਤੇ ਕੋਈ ਨਾ ਕੋਈ ਵਹਿਮ ਜ਼ਰੂਰ ਘਰ ਕਰ ਜਾਂਦਾ ਹੈ। ਇੱਕ ਅਜੀਬ ਹੀ ਤਰ੍ਹਾਂ ਦਾ ਡਰ ਸਾਨੂੰ ਹਰ ਵਕਤ ਪਿਆ ਹੀ ਰਹਿੰਦਾ ਹੈ। ਸਾਨੂੰ ਇੰਝ ਲੱਗਦਾ

ਹੈ ਜਿਵੇਂ ਸਭ ਨੂੰ ਉਹ ਪਤਾ ਚੱਲ ਰਿਹਾ ਹੋਵੇ ਜੋ ਅਸੀਂ ਲੁਕਾ ਕੇ ਰੱਖਣ ਦੀ ਕੋਸ਼ਿਸ਼ ਕਰਦੇ ਹਾਂ। ਜਿਵੇਂ ਇੱਕ ਕਹਾਵਤ ਹੈ "ਚੋਰ ਨੂੰ ਆਪਣਾ ਪਾਲਾ ਹੁੰਦਾ"। ਮੈਂ ਉਸ ਵਕਤ ਬੜੀ ਜਬਰੀ ਖੁਦ ਨੂੰ ਸੰਭਾਲਿਆ। ਸਾਡਾ ਦੋਵਾਂ ਦਾ ਧਿਆਨ ਗੋਵਿੰਦ ਵਿੱਚ ਸੀ ਕਿ ਉਹ ਭਲਾ ਕੀ ਜੁਆਬ ਦੇਵੇਗਾ। ਗੋਵਿੰਦ ਬੋਲਿਆ..

"ਕੁਝ ਨਹੀਂ ਯਾਰ ਬਸ ਪਾਪਾ ਕੁਝ ਕਹਿ ਰਹੇ ਸੀ? ਘਰੇ ਗੱਲ ਚੱਲਦੀ ਸੀ ਕੋਈ। ਉਹਦੇ ਬਾਰੇ ਹੀ ਆਖਦਾ।"

"ਕਿਉਂ ਕੀ ਹੋਇਆ ਘਰ ਸਭ ਠੀਕ ਤਾਂ ਹੈ?"

"ਅਦਿੱਤੀ ਨੇ ਹੈਰਾਨ ਹੋ ਗੋਵਿੰਦ ਨੂੰ ਪੁੱਛਿਆ ਤਾਂ ਗੋਵਿੰਦ ਬੋਲਿਆ...

"ਹਾਂ-ਹਾਂ ਸਭ ਠੀਕ ਆ। ਬਸ ਉਂਝ ਹੀ ਨਿੱਕੀਆਂ ਮੋਟੀਆਂ ਗੱਲਾਂ ਨੇ।"

"ਅੱਛਾ।"

ਅਦਿੱਤੀ ਨੇ ਹੁੰਘਾਰਾ ਭਰਿਆ। ਏਨੇ ਨੂੰ ਅਸੀਂ ਕਲਾਸ ਵਿੱਚ ਆ ਪਹੁੰਚੇ। ਕਲਾਸ ਬਹੁਤੀ ਖਾਲੀ ਸੀ। ਅਸੀਂ ਸ਼ਾਇਦ ਵੇਲੇ ਨਾਲ ਹੀ ਪਹੁੰਚ ਗਏ ਸੀ। ਮੈਂ ਆਪਣੀ ਹੱਥ ਬੰਨੀ ਸੋਨਾਟਾ ਦੀ ਘੜੀ ਤੇ ਨਜ਼ਰ ਮਾਰੀ ਤਾਂ ਵਕਤ ਪੌਣੇ ਨੌਂ ਦਾ ਹੋ ਰਿਹਾ ਸੀ। ਜਿੰਨੇ ਵੀ ਕਲਾਸ ਵਿੱਚ ਬੈਠੇ ਸੀ ਅਸੀਂ ਸਭ ਨੂੰ ਮਿਲੇ। ਮੈਂ ਦੇਖਿਆ ਤਾਂ ਅੱਜ ਸੁਖਮਨ ਨਹੀਂ ਸੀ ਆਈ। ਮੈਂ ਸੋਚਿਆ ਫ਼ੂਨ ਲਗਾਉਂਦੀ ਹਾਂ ਪਰ ਫਿਰ ਰੁਕ ਗਈ। ਉਡੀਕ ਕਰਨ ਲੱਗੀ। ਕਲਾਸ ਭਰਦੀ ਗਈ। ਸਾਡੇ ਪ੍ਰੋਫੈਸਰ ਨੇ ਪਹਿਲਾ ਲੈਕਚਰ ਲਾਇਆ। ਵਾਰੀ-ਵਾਰੀ ਤਿੰਨ ਲੈਕਚਰ ਹੋਰ ਲੱਗੇ। ਪਰ ਸੁਖਮਨ ਨਾ ਪਹੁੰਚੀ। ਮੈਂ ਸੋਚਿਆ ਕਿ ਉਸਨੂੰ ਜ਼ਰੂਰ ਕੋਈ ਕੰਮ ਪੈ ਗਿਆ ਹੋਵੇ। ਵਕਤ ਇੱਕ ਦੇ ਕਰੀਬ ਸੀ। ਸਭ ਕਲਾਸ ਖਾਲੀ ਕਰ ਧੁੱਪੇ ਬੈਠ ਗਏ? ਮੈਂ ਤਾਂ ਸੁਖਮਨ ਨਾਲ ਬੈਠਦੀ ਹੁੰਦੀ ਸੀ ਪਰ ਅੱਜ ਤਾਂ ਸੁਖਮਨ ਨਹੀਂ ਸੀ ਆਈ। ਅਦਿੱਤੀ ਨੇ ਮੈਨੂੰ ਇਕੱਲਿਆ ਦੇਖ ਆਵਾਜ਼ ਮਾਰੀ..

"ਆਜਾ ਪ੍ਰੀਤਾ ਧੁੱਪੇ ਬੈਠਦੇ ਆ।"

ਮੈਂ ਦੇਖਿਆ ਕਿ ਅੱਜ ਅਦਿੱਤੀ ਨੇ ਵੀ ਮੈਨੂੰ ਪ੍ਰੀਤਾ ਕਹਿ ਬੁਲਾਇਆ। ਸ਼ਾਇਦ ਗੋਵਿੰਦ ਦੀ ਰੀਸ ਨਾਲ ਉਸਨੇ ਪ੍ਰੀਤਾ ਕਿਹਾ ਹੋਵੇ। ਮੈਂ ਆਪਣਾ ਪਰਸ ਚੁੱਕਿਆ ਤੇ ਉਹਨਾਂ ਨਾਲ ਚੱਲ ਪਈ। ਅਸੀਂ ਜਾ ਪਾਰਕ ਵਿੱਚ ਧੁੱਪੇ ਬੈਠ ਗਏ। ਸਾਡੇ ਨਾਲ ਅਦਿੱਤੀ ਦੀ ਸਹੇਲੀ ਕਿਰਨ ਅਤੇ ਗੋਵਿੰਦ ਦੇ ਪੱਕੇ ਆੜੀ ਅਜੇ ਅਤੇ ਯਾਦ ਵੀ ਸਨ। ਅਕਸ਼ੇ ਵੀ ਅੱਜ ਕਾਲਜ ਨਹੀਂ ਸੀ ਆਇਆ। ਅਸੀਂ ਬੈਠੇ ਸੀ ਤਾਂ ਅਜੇ ਬੋਲਿਆ..

"ਪਰਨੀਤ ਕਿੱਥੇ ਘੁੰਮਣ ਗਈ ਅੱਜ ਫਿਰ ਤੇਰੀ ਸੁਖਮਨ?"

ਉਸਨੇ ਮਜਾਕੀਆ ਲਹਿਜੇ ਵਿੱਚ ਕਿਹਾ। ਮੈਂ ਸਮਝ ਨਾ ਪਈ। ਮੈਂ ਹੈਰਾਨ ਹੋ ਪੁੱਛਿਆ..

"ਮੈਨੂੰ ਭਲਾ ਕੀ ਪਤਾ। ਉਹਨੇ ਤਾਂ ਦੱਸਿਆ ਨਹੀਂ ਕੁਝ।"

"ਹਾਹਾਹਾਹ.. ਵੇਖਲਾ ਫਿਰ ਤੇਰੀ ਪੱਕੀ ਸਹੇਲੀ ਨੇ ਨਹੀਂ ਦੱਸਿਆ ਤੈਨੂੰ ਪਰ ਸਾਡੇ ਪੱਕੇ ਆੜੀ ਦੀ ਸਾਨੂੰ ਸਾਰੀ ਖਬਰ ਈ।"

"ਕੀ ਮਤਲਬ? ਮੈਂ ਸਮਝੀ ਨਹੀਂ।"

ਸਾਰੇ ਮੇਰੇ ਵੱਲ ਵੇਖ ਹੱਸ ਰਹੇ ਸਨ। ਮੈਨੂੰ ਸਮਝ ਨਾ ਆਈ ਕਿ ਇਹ ਕੀ ਚੱਲ ਰਿਹਾ। ਜਦੋਂ ਉਸਨੇ ਅਕਸ਼ੇ ਬਾਰੇ ਕਿਹਾ ਤਾਂ ਮੈਂ ਧਿਆਨ ਦਿੱਤਾ ਕਿ ਸੁਖਮਨ ਅਕਸਰ ਅਕਸ਼ੇ ਵੱਲ ਨਜ਼ਰ ਭਰ ਦੇਖਦੀ ਹੁੰਦੀ ਸੀ। ਪਰ ਪਤਾ ਨਹੀਂ ਸੀ ਕਿ ਉਹਨਾਂ ਵਿੱਚ ਕੁਝ ਚੱਲ ਵੀ ਰਿਹਾ ਹੈ। ਮੈਂ ਅਜੇ ਨੂੰ ਸਵਾਲ ਕੀਤਾ ਤਾਂ ਯਾਦ ਬੋਲਿਆ..

"ਲਾ ਹਾਂ ਸੁਖਮਨ ਨੂੰ ਫੂਨ ਪੁੱਛ ਭਲਾ ਕਿਵੇਂ ਚੱਲ ਰਹੀ ਡੇਟ ਉਹਨਾਂ ਦੀ?"

"ਅਕਸ਼ੇ ਤੇ ਸੁਖਮਨ ਡੇਟ ਤੇ ਗਏ ਨੇ।"

ਸਭ ਫਿਰ ਉੱਚੀ-ਉੱਚੀ ਹੱਸਣ ਲੱਗ ਪਏ। ਮੈਨੂੰ ਗੁੱਸਾ ਆਇਆ ਕਿ ਸੁਖਮਨ ਨੇ ਏਨਾਂ ਵੱਡਾ ਸੱਚ ਮੇਰੇ ਤੋਂ ਲੁਕਾ ਕੇ ਰੱਖਿਆ। ਜਦ ਕਿ ਮੈਂ ਆਪਣੀ ਹਰ ਗੱਲ ਉਸਨੂੰ

ਦੱਸਦੀ ਸੀ। ਮੈਨੂੰ ਸੁਖਮਨ ਤੋਂ ਇਹ ਉਮੀਦ ਨਹੀਂ ਸੀ। ਮੈਂ ਆਪਣਾ ਫ਼ੂਨ ਕੱਢਿਆ ਅਤੇ ਸੁਖਮਨ ਨੂੰ ਲਾਉਣ ਲੱਗੀ ਤਾਂ ਅਦਿੱਤੀ ਮੇਰੇ ਹੱਥੋਂ ਫ਼ੂਨ ਫੜਦੇ ਹੀ ਬੋਲੀ...

"ਕੋਈ ਨਾ ਬਾਅਦ 'ਚ ਕਰਲੀ ਗੱਲ। ਸਾਨੂੰ ਵੀ ਅਕਸ਼ੇ ਨੇ ਕੱਲ੍ਹ ਹੀ ਦੱਸਿਆ ਸੀ। ਕੁਝ ਦਿਨਾਂ ਤੋਂ ਹੀ ਉਹ ਇੱਕ ਦੂਜੇ ਨਾਲ ਗੱਲਬਾਤ ਕਰਦੇ ਪਏ ਨੇ। ਤੂੰ ਵੀ ਸੁਖਮਨ ਨੂੰ ਪੁੱਛੀ ਨਾ ਆਪੇ ਦੱਸਦੂ ਉਹ।"

"ਠੀਕ ਆ ਨਹੀਂ ਪੁੱਛਦੀ।"

ਮੈਂ ਅਦਿੱਤੀ ਨੂੰ ਤਾਂ ਠੀਕ ਹੈ ਆਖ ਦਿੱਤਾ। ਪਰ ਮੇਰੇ ਮਨ ਵਿੱਚ ਸੁਖਮਨ ਪ੍ਰਤੀ ਰੋਸ ਨਹੀਂ ਸੀ ਗਿਆ। ਮੈਂ ਉਸ ਬਾਰੇ ਸੋਚ ਹੀ ਰਹੀ ਸੀ ਕਿ ਯਾਦ ਫਿਰ ਬੋਲਿਆ..

"ਓ ਯਾਰ ਤੁਸੀਂ ਸਾਰੇ ਜੋੜੀਆਂ ਬਣਾਈ ਜਾਂਦੇ ਓ। ਕਿਤੇ ਮੇਰੇ ਗਰੀਬ ਦਾ ਵੀ ਸੋਚ ਲਵੋ ਕੁਝ। ਤੁਹਾਡੇ ਸਾਰਿਆਂ 'ਚ ਮੈਂ ਤੇ ਬਸ ਪਰਨੀਤ ਹੀ ਵਿਹਲੇ। ਹੁਣ ਪਰਨੀਤ ਨੂੰ ਤਾਂ ਪਰਪੋਜ਼ ਕਰ ਨਹੀਂ ਸਕਦਾ। ਸੁਭਾਅ ਬਹੁਤ ਕੱਬਾ ਇਹਦਾ।"

"ਨਾ-ਨਾ ਕਾਕਾ ਤੂੰ ਗਲਤ ਬੋਲ ਪਿਆ ਪ੍ਰੀਤਾ ਵੀ ਵਿਹਲੀ ਨਹੀਂ। ਹਾਂ ਕਿਰਨ ਜ਼ਰੂਰ ਵਿਹਲੀ ਆ। ਕਿਰਨ ਤੇ ਲਾ ਲੈ ਜ਼ੋਰ।"

ਗੋਵਿੰਦ ਨੇ ਯਾਦ ਨੂੰ ਮੇਰੇ ਤੇ ਕਿਰਨ ਬਾਰੇ ਦੱਸਿਆ। ਪਰ ਮੈਂ ਇਸ ਗੱਲ ਲਈ ਹੈਰਾਨ ਸੀ ਕਿ ਗੋਵਿੰਦ ਮੇਰੇ ਬਾਰੇ ਇੰਝ ਦੱਸ ਕਿਉਂ ਸਾਡਾ ਪਰਦਾ ਜਾਹਿਰ ਕਰਨ ਦੀ ਕੋਸ਼ਿਸ਼ ਕਰ ਰਿਹਾ ਸੀ। ਪਰ ਮੈਂ ਚੁੱਪ ਰਹੀ। ਯਾਦ ਫਿਰ ਬੋਲਿਆ..

"ਹੈਂਅ ਸੱਚਿਉ, ਕਿਰਨ ਤੂੰ ਵਿਹਲੀ ਏ? ਮੈਂ ਤਾਂ ਸੋਚਦਾ ਸੀ ਤੇਰੇ ਤਿੰਨ ਚਾਰ ਹੋਣਗੇ।"

"ਹੋਰ ਨਹੀਂ ਕੁਝ।"

ਕਿਰਨ ਨੇ ਮੂੰਹ ਬਣਾਉਂਦੇ ਹੋਏ ਜੁਆਬ ਦਿੱਤਾ ਤਾਂ ਸਾਰੇ ਫਿਰ ਤੋਂ ਜ਼ੋਰ-ਜ਼ੋਰ ਨਾਲ ਹੱਸਣ ਲੱਗ ਪਏ। ਅਦਿੱਤੀ ਮੇਰੇ ਵੱਲ ਵੇਖਦੀ ਹੋਈ ਬੋਲੀ...

"ਪਰਨੀਤ ਤੂੰ ਤਾਂ ਕਦੇ ਦੱਸਿਆ ਨਹੀਂ। ਕਿਸਨੇ ਤੈਨੂੰ ਪੱਟ ਲਿਆ।"

"ਐਵੇਂ ਮਾਰਦਾ ਗੋਵਿੰਦ। ਕੋਈ ਗੱਲ ਨਹੀਂ ਇਹੋ ਜਿਹੀ। ਏਨੀ ਕਿਸਦੀ ਹਿੰਮਤ ਕਿ ਪ੍ਰੀਤਾ ਨੂੰ ਪੁੱਛ ਲਵੇ।"

"ਪ੍ਰੀਤਾ ਨੂੰ ਤਾਂ ਕਿਸੇ ਨੂੰ ਪੁੱਛਣ ਦੀ ਹਿੰਮਤ ਨਹੀਂ। ਪਰ ਪ੍ਰੀਤਾ ਤਾਂ ਕਿਸੇ ਨੂੰ ਪੁੱਛ ਹੀ ਸਕਦੀ ਏ ਨਾ?"

"ਹਾਹਾਹਹਾਹਾ"

ਅਦਿੱਤੀ ਨੇ ਮੇਰੀ ਗੱਲ ਦਾ ਜੁਆਬ ਦਿੱਤਾ ਤਾਂ ਮੈਂ ਹੱਸ ਪਈ ਅਤੇ ਬੋਲੀ..

"ਹਾਂ ਪਰ ਕੋਈ ਅਜਿਹਾ ਹੋਣਾ ਵੀ ਚਾਹੀਦਾ ਕਿ ਜੋ ਮੈਨੂੰ ਪਸੰਦ ਆ ਸਕੇ।"

"ਹਾਂ ਇਹ ਗੱਲ ਤਾਂ ਹੈ।"

ਅਦਿੱਤੀ ਅਤੇ ਮੈਂ ਆਪਸ ਵਿੱਚ ਗੱਲਾਂ ਕਰ ਰਹੇ ਸੀ ਕਿ ਗੋਵਿੰਦ ਨੇ ਅਦਿੱਤੀ ਨੂੰ ਪੁੱਛਿਆ..

"ਅਦਿੱਤੀ ਤੂੰ ਕਿਹੜੀ ਜਰੂਰੀ ਗੱਲ ਕਰਨੀ ਸੀ?"

"ਕਾਹਲੇ ਬਹੁਤ ਪੈਂਦੇ ਤੁਸੀਂ, ਸਬਰ ਵੀ ਰੱਖ ਲਿਆ ਕਰੋ ਕਦੇ।"

"ਸਵੇਰ ਦਾ ਸਬਰ ਹੀ ਰੱਖਿਆ ਏ। ਦੱਸ ਵੀ ਹੁਣ ਕੀ ਗੱਲ? ਮੈਨੂੰ ਫਿਕਰ ਲੱਗੀ ਆ।"

"ਹਾਹਾਹਾ.. ਨਹੀਂ ਫਿਕਰ ਵਾਲੀ ਗੱਲ ਨਹੀਂ। ਦਰਅਸਲ ਮੈਂ ਮੰਮੀ ਨੂੰ ਦੱਸਿਆ ਕੱਲ੍ਹ ਆਪਣੇ ਬਾਰੇ। ਮੰਮੀ ਕਹਿੰਦੇ ਕਿਸੇ ਦਿਨ ਚਾਹ ਤੇ ਬੁਲਾਵੀਂ ਗੋਵਿੰਦ ਨੂੰ। ਏਸੇ ਬਹਾਨੇ ਪਾਪਾ ਨੂੰ ਵੀ ਮਿਲ ਲਵੋਗੇ।"

ਅਦਿੱਤੀ ਦੀ ਗੱਲ ਸੁਣ ਮੇਰੀਆਂ ਅੱਖਾਂ ਅੱਡੀਆਂ ਹੀ ਰਹਿ ਗਈਆਂ। ਗੋਵਿੰਦ ਨੇ ਅਦਿੱਤੀ ਨੂੰ ਕੋਈ ਜੁਆਬ ਨਾ ਦਿੱਤਾ ਤੇ ਨਜ਼ਰ ਭਰ ਮੇਰੇ ਵੱਲ ਵੇਖਿਆ। ਉਹ ਹੈਰਾਨ ਸੀ

ਕਿ ਅਦਿੱਤੀ ਨੇ ਆਪਣੇ ਘਰ ਵੀ ਗੱਲ ਕਰ ਲਈ। ਮੈਂ ਵੀ ਉਸਦੀ ਏਸੇ ਗੱਲ ਲਈ ਹੈਰਾਨ ਸੀ। ਜਿਉਂ ਹੀ ਗੋਵਿੰਦ ਨੇ ਮੇਰੇ ਤਰਫ ਦੇਖਿਆ। ਅਦਿੱਤੀ ਨੇ ਵੀ ਮੇਰੀ ਤਰਫ ਨਜ਼ਰ ਘੁਮਾਈ। ਮੈਂ ਆਪਣੀਆਂ ਨਜ਼ਰਾਂ ਝੁਕਾ ਲਈਆਂ। ਮੈਨੂੰ ਲੱਗ ਰਿਹਾ ਸੀ ਜਿਵੇਂ ਅਦਿੱਤੀ ਨੂੰ ਸਾਡੇ ਉੱਪਰ ਸ਼ੱਕ ਹੋਵੇ। ਸਾਡੇ ਵੱਲ ਅਦਿੱਤੀ ਨੇ ਦੇਖਦਿਆਂ ਗੋਵਿੰਦ ਨੂੰ ਪੁੱਛਿਆ..

"ਕੀ ਗੱਲ ਖੁਸ਼ ਨਹੀਂ ਹੋਏ ਲੱਗਦਾ ਮੇਰੀ ਗੱਲ ਸੁਣ।"

ਗੋਵਿੰਦ ਨੇ ਜਲਦੀ ਨਾਲ ਆਪਣਾ ਧਿਆਨ ਬਦਲਿਆ ਤੇ ਝੂਠਾ ਜਿਹਾ ਮੂੰਹ ਤੇ ਹਾਸਾ ਲਿਆਉਂਦੇ ਹੋਏ ਅਦਿੱਤੀ ਨੂੰ ਗਲ ਲਾਇਆ ਤੇ ਬੋਲਿਆ..

"ਪਾਗਲ ਖੁਸ਼ ਕਿਉਂ ਨਹੀਂ ਹੋਣਾ ਦੱਸ? ਬਹੁਤ ਖੁਸ਼ ਆ ਮੈਂ। ਮੈਂ ਛੇਤੀ ਬਣਾਉਂਦਾ ਪ੍ਰੋਗਰਾਮ ਤੇਰੇ ਘਰ ਆਉਣ ਦਾ।"

ਅਦਿੱਤੀ ਖੁਸ਼ ਹੋ ਗਈ। ਪਰ ਮੇਰੇ ਅੰਦਰ ਅੱਗ ਦੇ ਭਾਂਬੜ ਮਚਣ ਲੱਗ ਪਏ। ਸਮਝ ਨਾ ਆਈ ਇਹ ਹੋ ਕੀ ਰਿਹਾ ਏ। ਮੈਨੂੰ ਇਹ ਉਮੀਦ ਨਹੀਂ ਸੀ ਕਿ ਏਨੀ ਛੇਤੀ ਇਹ ਸਭ ਹੋਜੂ। ਉਹਨਾਂ ਦੀਆਂ ਗੱਲਾਂ ਸੁਣ ਅਜੇ ਬੋਲਿਆ..

"ਲਵੋ ਹੁਣ ਤਾਂ ਫਿਰ ਪਾਰਟੀ ਹੋ ਗਈ। ਚਲੋ ਸਾਨੂੰ ਤਾਂ ਹੁਣ ਚਾਹ ਪਿਲਾ ਦਿਉ। ਤੁਸੀਂ ਫਿਰ ਪੀਂਦੇ ਰਹਿਉ।"

"ਹਾਂ ਚਲੋ ਚਾਹ ਪੀਏ। ਮੇਰਾ ਵੀ ਜੀਅ ਕਰਨ ਡਿਆ।"

ਕਿਰਨ ਨੇ ਵੀ ਹੁੰਘਾਰਾ ਭਰਿਆ। ਉਹ ਉੱਠੇ ਤਾਂ ਸਾਰੇ ਉੱਠ ਕੰਟੀਨ ਨੂੰ ਤੁਰ ਪਏ। ਅਸੀਂ ਚਾਹ ਪੀਤੀ ਤੇ ਫਿਰ ਕਿੰਨਾ ਹੀ ਚਿਰ ਉੱਥੇ ਬੈਠੇ ਰਹੇ। ਹੋਰ ਕੋਈ ਲੈਕਚਰ ਨਹੀਂ ਸੀ ਲੱਗਣਾ ਤਾਂ ਇਸ ਕਰਕੇ ਉੱਥੇ ਬੈਠ ਹੀ ਗੱਲਾਂ ਮਾਰਦੇ ਰਹੇ। ਸ਼ਾਮਾਂ ਪਈਆਂ ਤੇ ਘਰ ਨੂੰ ਜਾਣ ਦਾ ਵਕਤ ਹੋ ਗਿਆ। ਸਭ ਘਰ ਨੂੰ ਚੱਲ ਪਏ। ਮੈਂ ਤੁਰਕੇ ਹੀ ਗੇਟ ਤੋਂ ਬਾਹਰ ਆਈ ਤਾਂ ਗੋਵਿੰਦ ਬੁੱਲਟ ਲੈ ਸਾਹਮਣੇ ਆ ਖੜ ਗਿਆ। ਉਹ ਕੁਝ ਨਾ ਬੋਲਿਆ ਤੇ ਮੈਂ ਵੀ ਬਿਨਾਂ ਕੁਝ ਬੋਲੇ ਉਸਦੇ ਪਿੱਛੇ ਬੈਠ ਗਈ। ਅਸੀਂ ਸਾਰਾ ਰਾਹ ਕੋਈ ਗੱਲ ਨਾ ਕੀਤੀ।

ਉਸਨੇ ਮੈਨੂੰ ਘਰੇ ਨਾ ਲਾਹਿਆ ਤੇ ਘਰ ਤੋਂ ਕੁਝ ਕਦਮ ਪਿੱਛੇ ਹੀ ਲਾਹ ਆਪਣੇ ਘਰ ਚਲਾ ਗਿਆ। ਮੈਂ ਘਰ ਗਈ ਤੇ ਡਰਾਇੰਗ ਰੂਮ ਵਿੱਚ ਬੈਠ ਗਈ। ਜਿੱਥੇ ਮੇਰੀ ਮੰਮੀ ਟੈਲੀਵਿਜ਼ਨ ਦੇਖ ਰਹੀ ਸੀ। ਮੈਂ ਉਹਨਾਂ ਨਾਲ ਕੁਝ ਚਿਰ ਗੱਲਾਂ ਕੀਤੀਆਂ ਤੇ ਫਿਰ ਆਪਣੇ ਕਮਰੇ ਵਿੱਚ ਚਲੀ ਗਈ। ਕੁਝ ਚਿਰ ਪਿੱਛੋਂ ਮੈਂ ਰੋਟੀ ਪਾਣੀ ਬਣਾਇਆ, ਖਾਧਾ ਤੇ ਫਿਰ ਪੜ੍ਹਨ ਲੱਗ ਪਈ। ਮਨ ਵਿੱਚ ਅਦਿੱਤੀ ਦੀਆਂ ਗੱਲਾਂ ਘੁੰਮਣ ਲੱਗ ਪਈਆਂ। ਸਮਝ ਨਹੀਂ ਸੀ ਆ ਰਹੀ ਕਿ ਕੀ ਹੋਵੇਗਾ ਮੇਰੇ ਨਾਲ। ਮੈਂ ਡਰੀ ਪਈ ਸੀ। ਇੰਝ ਜਾਪ ਰਿਹਾ ਸੀ ਜਿਵੇਂ ਸਭ ਕੁਝ ਖਤਮ ਹੀ ਹੋ ਰਿਹਾ ਹੋਵੇ। ਬੈਠੀ ਤਾਂ ਮੈਂ ਪੜ੍ਹਨ ਸੀ। ਪਰ ਇੱਕ ਵੀ ਅੱਖਰ ਨਾ ਪੜ੍ਹ ਹੋਇਆ। ਮੈਂ ਕਿਤਾਬ ਇੱਕ ਪਾਸੇ ਰੱਖੀ ਤੇ ਸਾਉਣ ਲਈ ਅੱਖਾਂ ਮੀਟ ਪੈ ਗਈ। ਕਾਫੀ ਚਿਰ ਸਾਉਣ ਦੀ ਕੋਸ਼ਿਸ਼ ਕੀਤੀ ਪਰ। ਇੱਕ ਪਲ ਲਈ ਵੀ ਅੱਖ ਨਾ ਲੱਗੀ। ਬੇਚੈਨੀ ਜਿਹੀ ਵੱਧਦੀ ਜਾ ਰਹੀ ਸੀ। ਅਚਾਨਕ ਮੇਰੇ ਫ਼ੂਨ ਦੀ ਬੈੱਲ ਵੱਜੀ ਤੇ ਮੈਂ ਕਾਹਲੀ ਨਾਲ ਬੈੱਲ ਬੰਦ ਕੀਤੀ। ਦੇਖਿਆ ਤਾਂ ਗੋਵਿੰਦ ਦਾ ਫ਼ੂਨ ਸੀ। ਮੈਂ ਫ਼ੂਨ ਚੁੱਕਿਆ ਤਾਂ ਉਹ ਬੋਲਿਆ..

"ਪ੍ਰੀਤਾ ਛੱਤ ਤੇ ਆਵੀਂ ਗੱਲ ਕਰਨੀ ਆ ਕੋਈ।"

"ਕੀ ਗੱਲ ਕਰਨੀ? ਫ਼ੂਨ ਤੇ ਹੀ ਕਰਲਾ।"

"ਨਹੀਂ ਤੂੰ ਛੱਤ ਤੇ ਆ, ਗੱਲ ਲੰਮੀ ਆ। ਹਾਂ ਨਾਲੇ ਕੰਬਲ ਲੈ ਆਵੀਂ ਠੰਡ ਬਹੁਤ ਆ।"

ਉਸਨੇ ਫ਼ੂਨ ਕੱਟ ਦਿੱਤਾ। ਮੈਂ ਸਮਝ ਗਈ ਕਿ ਉਸਨੇ ਜ਼ਰੂਰ ਅਦਿੱਤੀ ਬਾਰੇ ਹੀ ਗੱਲ ਕਰਨੀ ਹੋਵੇਗੀ। ਮੇਰੇ ਮਨ 'ਚ ਤਾਂ ਪਹਿਲਾਂ ਹੀ ਬਹੁਤੀ ਬੇਚੈਨੀ ਸੀ। ਮੈਂ ਗੱਲ ਸਾਫ ਕਰਨਾ ਚਾਹੁੰਦੀ ਸੀ। ਮੈਂ ਕੰਬਲ ਚੁੱਕਿਆ ਅਤੇ ਕੋਠੇ ਉੱਤੇ ਚਲੀ ਗਈ। ਦੇਖਿਆ ਤਾਂ ਗੋਵਿੰਦ ਪਹਿਲਾਂ ਹੀ ਸਾਡੇ ਘਰ ਦੀ ਚਾਰਦਿਵਾਰੀ ਦੇ ਕੋਲ ਖੜਾ ਸੀ। ਮੈਂ ਕੰਬਲ ਉਸਨੂੰ ਫੜਾਇਆ ਤੇ ਕੰਧ ਟੱਪ ਦੂਸਰੇ ਪਾਸੇ ਚਲੀ ਗਈ। ਫਿਰ ਪਿਛਲੀ ਰਾਤ ਵਾਂਗ ਹੀ ਰਜਾਈ ਚੁੱਕੀ ਤੇ ਉਸਨੇ ਕੰਬਲ ਵਿਛਾ ਦਿੱਤਾ। ਉਹ ਮੰਜੇ ਤੇ ਚੜ੍ਹ ਬੈਠ ਗਿਆ ਤੇ ਮੈਂ ਵੀ। ਮੈਂ ਬੋਲੀ...

"ਤੈਨੂੰ ਕਿਹਾ ਸੀ ਨਾ ਕਿ ਰੋਜ-ਰੋਜ ਨਹੀਂ ਆਪਾਂ ਛੱਤ ਤੇ ਮਿਲਣਾ। ਤੂੰ ਫਿਰ ਜਿਦ ਕਰ ਬੁਲਾ ਲਿਆ।"

"ਯਾਰ ਗੱਲ ਜਰੂਰੀ ਨਾ ਹੁੰਦੀ ਤਾਂ ਮੈਂ ਨਹੀਂ ਸੀ ਬੁਲਾਉਣਾ।"

"ਐਸੀ ਕੀ ਜਰੂਰੀ ਗੱਲ?"

"ਤੈਨੂੰ ਪਤਾ ਤਾਂ ਹੈ ਸਭ। ਐਵੇਂ ਅਣਜਾਣ ਬਣਨ ਦਾ ਦਿਖਾਵਾ ਨਾ ਕਰ। ਤੂੰ ਮੈਨੂੰ ਦੱਸ ਹੁਣ ਕੀ ਕਰੀਏ?"

"ਕਰਨਾ ਕੀ ਆ। ਤੈਨੂੰ ਚਾਹ ਤੇ ਬੁਲਾਇਆ ਅਦਿੱਤੀ ਦੇ ਘਰਦਿਆਂ ਤੂੰ ਜਾ।"

"ਪਾਗਲ ਏ ਤੂੰ ਮੈਂ ਕਿਵੇਂ ਜਾ ਸਕਦਾ। ਜਦੋਂ ਪਤਾ ਕਿ ਉਹ ਕਿਉਂ ਬੁਲਾ ਰਹੇ ਆ।"

"ਕਿਉਂ ਤੂੰ ਅਦਿੱਤੀ ਨੂੰ ਪਿਆਰ ਨਹੀਂ ਕਰਦਾ? ਓਹਦੇ ਦੇ ਨਾਲ ਵਿਆਹ ਨਹੀਂ ਕਰਵਾਉਣਾ?"

"ਪ੍ਰੀਤਾ ਯਾਰ ਪਾਗਲਾਂ ਵਾਲੀਆਂ ਗੱਲਾਂ ਨਾ ਕਰ। ਤੈਨੂੰ ਪਤਾ ਮੈਂ ਤੈਨੂੰ ਪਿਆਰ ਕਰਦਾ। ਹਾਂ ਮੈਂ ਅਦਿੱਤੀ ਨੂੰ ਵੀ ਪਿਆਰ ਕਰਦਾ। ਪਰ ਮੈਂ ਵਿਆਹ ਤੇਰੇ ਨਾਲ ਕਰਵਾਉਣਾ ਵਾ। ਤੂੰ ਦੱਸ ਯਾਰ ਕੁਝ ਮੈਂ ਕੀ ਕਰਾਂ। ਮੈਂ ਬਹੁਤ ਜਿਆਦਾ ਫਸ ਗਿਆ ਯਾਰ।"

"ਮੈਂ ਕੀ ਕਰ ਸਕਦੀ ਇਸ ਵਿੱਚ। ਤੂੰ ਅਦਿੱਤੀ ਨਾਲ ਗੱਲ ਕਰ।"

"ਤੇਰਾ ਦਿਮਾਗ ਖਰਾਬ ਹੋ ਗਿਆ ਲੱਗਦਾ। ਪ੍ਰੀਤਾ ਯਾਰ ਤੈਨੂੰ ਪਤਾ ਜੇ ਮੈਂ ਅਦਿੱਤੀ ਨਾਲ ਇਹ ਗੱਲ ਕੀਤੀ ਤਾਂ ਉਸਦਾ ਦਿਲ ਟੁੱਟ ਜਾਣਾ ਯਾਰ।"

"ਦੇਖ ਗੋਵਿੰਦ ਇੱਕ ਦਿਨ ਤਾਂ ਇਹ ਹੋਣਾ ਹੀ ਆ। ਜਾਂ ਮੇਰਾ ਦਿਲ ਟੁੱਟੂ ਜਾਂ ਅਦਿੱਤੀ ਦਾ। ਜੋ ਕੱਲ੍ਹ ਹੋਣਾ ਉਹ ਅੱਜ ਹੀ ਹੋਜੇ ਤਾਂ ਚੰਗਾ। ਵਕਤ ਖਰਾਬ ਨਾ ਕਰੀਏ।"

"ਪ੍ਰੀਤਾ ਹੱਦ ਆ ਤੇਰੀ ਵੀ। ਕੱਲ੍ਹ ਤੂੰ ਕਹਿੰਦੀ ਸੀ ਕਿ ਵਕਤ ਦੇ, ਸਬਰ ਰੱਖ। ਅੱਜ ਤੂੰ ਕਹੀ ਜਾਂਦੀ ਵਕਤ ਖਰਾਬ ਨਾ ਕਰ।"

"ਹਾਂ ਤੇ ਕੱਲ੍ਹ ਮੈਨੂੰ ਇਹ ਥੋੜੀ ਪਤਾ ਸੀ ਕਿ ਅਦਿੱਤੀ ਏਨੀ ਕਾਹਲੀ ਏ। ਨਾਲੇ ਤੂੰ ਮੈਨੂੰ ਕੱਲ੍ਹ ਅਕਸ਼ੇ ਤੇ ਸੁਖਮਨ ਬਾਰੇ ਕਿਉਂ ਨਹੀਂ ਦੱਸਿਆ।"

"ਤੇਰੇ ਦਿਮਾਗ 'ਚ ਨੁਕਸ ਪੈ ਗਿਆ ਲੱਗਦਾ ਕੋਈ। ਮੇਰੀ ਏਥੇ ਜਾਨ ਤੇ ਬਣੀ ਆ। ਤੈਨੂੰ ਅਕਸ਼ੇ ਤੇ ਸੁਖਮਨ ਦੀ ਪਈ ਆ।"

"ਮੈਂ ਕੀ ਕਰਾਂ ਯਾਰ ਇਸ ਵਿੱਚ ਹੁਣ? ਤੂੰ ਹੀ ਪੰਗੇ ਲੈ ਰਿਹਾ ਦੋ-ਦੋ ਪਾਸੇ।"

"ਅੱਛਾ ਤੇ ਮੈਂ ਪੰਗੇ ਲੈਣ ਡਿਆ? ਚੱਲ ਠੀਕ ਆ ਜੇ ਇਹ ਗੱਲ ਤਾਂ ਤੂੰ ਜਾਹ ਥੱਲੇ। ਮੈਂ ਕਰਾ ਲੈਂਦਾ ਅਦਿੱਤੀ ਨਾਲ ਵਿਆਹ।"

"ਠੀਕ ਆ ਚਲੀ ਜਾਂਦੀ। ਤੈਨੂੰ ਜਿਵੇਂ ਠੀਕ ਲੱਗਦਾ ਤੂੰ ਕਰ।"

"ਪ੍ਰੀਤਾ ਯਾਰ ਕਿਉਂ ਐਵੇਂ ਦਿਮਾਗ ਖਰਾਬ ਕਰੀ ਜਾਂਦੀ ਏ? ਮੇਰੇ ਤੋਂ ਨਹੀਂ ਕਰਾ ਹੋਣਾ ਅਦਿੱਤੀ ਨਾਲ ਵਿਆਹ। ਮੈਂ ਪਿਆਰ ਜ਼ਰੂਰ ਤੁਹਾਨੂੰ ਦੋਵਾਂ ਨੂੰ ਕਰਦਾ। ਪਰ ਵਿਆਹ ਮੈਂ ਤੇਰੇ ਨਾਲ ਈ ਕਰਾਉਣਾ।"

"ਦੇਖ ਗੋਵਿੰਦ ਮੈਂ ਬਹੁਤ ਤੰਗ ਆ ਯਾਰ। ਮੈਂ ਤੈਨੂੰ ਦੱਸ ਨਹੀਂ ਸਕਦੀ ਕਿ ਮੇਰੀ ਹਾਲਤ ਕੀ ਬਣੀ ਹੋਈ ਆ। ਹਰ ਵੇਲੇ ਦਿਮਾਗ 'ਚ ਤੂੰ ਹੀ ਘੁੰਮਦਾ ਰਹਿੰਦਾ ਏ। ਮੈਂ ਜਿੰਨਾ ਖੁਦ ਨੂੰ ਰੋਕਦੀ ਆ। ਉਨਾ ਹੀ ਹੋਰ ਤੇਰੇ ਵੱਲ ਭੱਜੀ ਜਾਂਦੀ। ਤੂੰ ਮੇਰੇ ਤੇ ਰਹਿਮ ਕਰ ਤੇ ਇੱਕ ਪਾਸਾ ਕਰਲਾ। ਮੇਰੇ ਤੋਂ ਹੋਰ ਨਹੀਂ ਇਹ ਸਭ ਝੱਲ ਹੋ ਰਿਹਾ। ਤੂੰ ਜੋ ਕਰਨਾ ਕਰ, ਪਰ ਛੇਤੀ ਕਰ।"

"ਮੇਰੀ ਵੀ ਹਾਲਤ ਤੇਰੀ ਵਾਲੀ ਆ ਯਾਰ।"

"ਗੋਵਿੰਦ ਅਦਿੱਤੀ ਚੰਗੀ ਕੁੜੀ ਆ। ਉਸਨੂੰ ਧੋਖੇ ਵਿੱਚ ਰੱਖਣਾ ਮੈਨੂੰ ਚੰਗਾ ਨਹੀਂ ਲੱਗਦਾ। ਤੂੰ ਉਸਨੂੰ ਸਭ ਸੱਚ ਦੱਸ ਦੇ। ਉਹ ਸਿਆਣੀ ਵੀ ਆ। ਜ਼ਰੂਰ ਤੇਰੀ ਗੱਲ ਨੂੰ ਸਮਝੂ ਤੇ ਤੈਨੂੰ ਸਹੀ ਰਾਹ ਪਾਊ।"

"ਠੀਕ ਆ ਮੈਂ ਲਾਵਾਂ ਫੂਨ ਉਸਨੂੰ ਹੁਣੇ।"

"ਨਹੀਂ ਮਿਲ ਕੇ ਦੱਸ ਦੇਵੀਂ।"

"ਨਹੀਂ ਯਾਰ ਮੈਨੂੰ ਨੀਂਦ ਨਹੀਂ ਆਉਣੀ ਸਾਰੀ ਰਾਤ। ਮੈਂ ਹੁਣੇ ਫੂਨ ਲਾ ਸਭ ਸੱਚ ਦੱਸਣ ਲੱਗਾ।"

"ਨੀਂਦ ਤਾਂ ਦੱਸਣ ਤੋਂ ਬਾਅਦ ਵੀ ਨਹੀਂ ਆਉਣੀ। ਉਂਝ ਜੇ ਤੂੰ ਹੁਣੇ ਸਭ ਦੱਸਣਾ ਤਾਂ ਦੱਸ ਦੇ।"

ਉਸਨੇ ਫੂਨ ਫੜਿਆ ਤੇ ਅਦਿੱਤੀ ਨੂੰ ਲਾ ਦਿੱਤਾ। ਫੂਨ ਸਪੀਕਰ ਤੇ ਲਗਾ ਲਿਆ ਤਾਂ ਜੋ ਸਾਨੂੰ ਦੋਵਾਂ ਨੂੰ ਗੱਲਾਂ ਸੁਣ ਸਕਣ। ਕੁਝ ਚਿਰ ਬੈੱਲ ਵੱਜੀ ਤੇ ਅਦਿੱਤੀ ਨੇ ਫੂਨ ਚੁੱਕਦੇ ਹੀ ਕਿਹਾ...

"ਹਾਂਜੀ ਹਜ਼ੂਰ।"

"ਹੋਰ ਕੀ ਕਰਦੇ? ਲੰਗਰ ਛਕ ਲਿਆ।"

"ਹੋਰ ਕਦੇ ਦਾ। ਤੁਸੀਂ ਦੱਸੋ ਕੀ ਚੱਲ ਰਿਹਾ?"

"ਕੁਝ ਨਹੀਂ ਬਸ ਬੈਠਾ ਸੀ। ਇੱਕ ਗੱਲ ਬੜਾ ਦਿਮਾਗ ਖਰਾਬ ਕਰ ਰਹੀ ਸੀ। ਸੋਚਿਆ ਕਿ ਤੈਨੂੰ ਪੁੱਛ ਲੈਂਦਾ।"

"ਕੀ ਗੱਲ ਹੋਈ, ਸਭ ਠੀਕ ਤਾਂ ਹੈ?"

"ਹਾਂ-ਹਾਂ ਸਭ ਠੀਕ ਆ। ਮੇਰੀ ਗੱਲ ਨਹੀਂ ਆ। ਮੇਰੇ ਇੱਕ ਦੋਸਤ ਦੀ ਗੱਲ ਆ। ਤੂੰ ਦੱਸੀ ਭਲਾ ਕੀ ਕਰਨਾ ਚਾਹੀਦਾ ਉਹਨਾਂ ਨੂੰ?"

"ਗੱਲ ਤਾਂ ਦੱਸੋ ਕੀ ਹੋਈ ਆ?"

"ਮੇਰਾ ਇੱਕ ਦੋਸਤ ਆ। ਕੀ ਹੋਇਆ ਕਿ ਉਹ ਕਿਸੇ ਕੁੜੀ ਨੂੰ ਬੜਾ ਪਸੰਦ ਕਰਦਾ ਸੀ। ਪਰ ਉਹਨੂੰ ਪਤਾ ਨਹੀਂ ਸੀ ਉਹ ਉਸਨੂੰ ਪਸੰਦ ਕਰਦਾ। ਦੋਵੇਂ ਦੋਸਤ ਸੀ ਸ਼ੁਰੂ ਤੋਂ ਹੀ। ਫਿਰ ਕੀ ਹੋਇਆ ਕਿ ਉਸਦੀ ਦੋਸਤ ਜੋ ਕੁੜੀ ਸੀ ਉਸਨੂੰ ਕਿਸੇ ਹੋਰ ਮੁੰਡੇ ਨਾਲ ਪਿਆਰ ਹੋ ਗਿਆ। ਜਦੋਂ ਉਹ ਕੁੜੀ ਮੇਰੇ ਦੋਸਤ ਤੋਂ ਦੂਰ ਹੋਣ ਲੱਗ ਪਈ ਤਾਂ ਉਸਨੂੰ ਅਹਿਸਾਸ ਹੋਇਆ ਕਿ ਉਹ ਤਾਂ ਉਸ ਕੁੜੀ ਨੂੰ ਪਿਆਰ ਕਰਦਾ। ਉਹ ਕੁੜੀ ਵੀ ਉਸਨੂੰ ਕਰਦੀ ਸੀ। ਪਰ ਉਸਨੇ ਕਦੇ ਕਿਹਾ ਨਹੀਂ। ਫਿਰ ਮੇਰੇ ਦੋਸਤ ਨੇ ਜਦੋਂ ਕੁੜੀ ਨੂੰ ਦੂਰ ਹੁੰਦੇ ਵੇਖਿਆ ਤਾਂ ਉਸਨੇ ਕਹਿ ਦਿੱਤਾ। ਹੁਣ ਉਹ ਜੋ ਕੁੜੀ ਆ। ਉਹ ਉਸ ਮੁੰਡੇ ਨੂੰ ਵੀ ਪਿਆਰ ਕਰਦੀ ਆ ਤੇ ਜੋ ਮੇਰਾ ਦੋਸਤ ਵਾ ਉਸਨੂੰ ਵੀ ਪਿਆਰ ਕਰਦੀ। ਕੁੜੀ ਨੂੰ ਸਮਝ ਨਹੀਂ ਆ ਰਹੀ ਕਿ ਉਹ ਹੁਣ ਕਿਸ ਨਾਲ ਵਿਆਹ ਕਰਵਾਏ। ਜੇ ਉਹ ਮੇਰੇ ਦੋਸਤ ਨਾਲ ਵਿਆਹ ਨਹੀਂ ਕਰਵਾਉਂਦੀ ਤਾਂ ਦੋਸਤੀ ਵੀ ਖਤਮ ਹੁੰਦੀ। ਜੋ ਕਿ ਬਹੁਤ ਵਧੀਆ ਦੋਸਤ ਉਸਦਾ। ਤੇ ਜੇ ਦੂਸਰੇ ਮੁੰਡੇ ਨੂੰ ਛੱਡਦੀ ਤਾਂ ਫਿਰ ਦੂਸਰੇ ਮੁੰਡੇ ਨਾਲ ਗਲਤ ਕਰਦੀ ਆ। ਹੁਣ ਤੂੰ ਦੱਸ ਕੁੜੀ ਨੂੰ ਕਿਸ ਦਾ ਪੱਖ ਲੈਣਾ ਚਾਹੀਦਾ?"

"ਹਾਹਾਹਾਹਾਹਾਹਹਾਹਾਹ.. ਹਾਹਾਹਾਹਾਹਾਹਾਹ.."

ਗੋਵਿੰਦ ਨੇ ਸਾਡੀ ਕਹਾਣੀ ਆਪਣੇ ਦੋਸਤ ਦੀ ਬਣਾ ਸੁਣਾਈ ਤਾਂ ਅਦਿੱਤੀ ਅੱਗਿਉ ਖਿੜ ਖਿੜਾ ਕੇ ਹੱਸ ਪਈ। ਗੋਵਿੰਦ ਉਸਦਾ ਹਾਸਾ ਸੁਣ ਬੋਲਿਆ...

"ਕੀ ਹੋਇਆ ਹੱਸਣ ਵਾਲੀ ਕੀ ਗੱਲ ਇਸ ਵਿੱਚ? ਮੈਂ ਕੋਈ ਚੁਟਕਲਾ ਸੁਣਾਇਆ ਤੈਨੂੰ।"

"ਗੋਵਿੰਦ ਯਾਰ..."

"ਕੀ ਹੋਇਆ?"

"ਗੋਵਿੰਦ ਯਾਰ ਤੁਹਾਨੂੰ ਏਨੀ ਬੇਵਕੂਫ ਲੱਗਦੀ ਮੈਂ?"

"ਹੋਇਆ ਕੀ ਆ?"

"ਦੇਖ ਆਹ ਜੋ ਵੀ ਤੁਸੀਂ ਕਹਾਣੀ ਬਣਾ ਸੁਣਾ ਰਹੇ। ਇਹ ਕਿਸੇ ਤੁਹਾਡੇ ਦੋਸਤ ਦੀ ਨਹੀਂ ਆ। ਅਸਲ 'ਚ ਆਪਣੀ ਥਾਂ ਤੁਸੀਂ ਉਸ ਕੁੜੀ ਨੂੰ ਰੱਖਿਆ। ਜਿਸਨੂੰ ਆਪਣਾ ਦੋਸਤ ਦੱਸ ਰਹੇ ਉਹ ਪਰਨੀਤ ਏ ਤੇ ਤੀਸਰੀ ਮੈਂ।"

ਗੋਵਿੰਦ ਨੇ ਤਾਂ ਸਾਰੇ ਕਿਰਦਾਰ ਬਦਲ ਇਸ ਹਿਸਾਬ ਨਾਲ ਅਦਿੱਤੀ ਨੂੰ ਕਹਾਣੀ ਬਣਾ ਸੁਣਾਈ ਕਿ ਉਸਤੋਂ ਜੁਆਬ ਵੀ ਮਿਲਜੇ ਤੇ ਉਸਨੂੰ ਕੁਝ ਪਤਾ ਵੀ ਨਾ ਲੱਗੇ। ਪਰ ਅਦਿੱਤੀ ਏਨੀ ਵੀ ਅਣਜਾਣ ਨਹੀਂ ਸੀ। ਜਿੰਨਾ ਗੋਵਿੰਦ ਉਸ ਨੂੰ ਸਮਝ ਰਿਹਾ ਸੀ। ਮੈਨੂੰ ਕੋਈ ਹੈਰਾਨੀ ਨਹੀਂ ਸੀ ਹੋ ਰਹੀ। ਮੇਰੇ ਤਾਂ ਸਗੋਂ ਦੰਦ ਨਿਕਲ ਰਹੇ ਸਨ ਕਿ ਗੋਵਿੰਦ ਦੀ ਚਾਲ ਉਲਟੀ ਪੈ ਗਈ। ਮੈਂ ਹੱਸ ਰਹੀ ਸੀ ਤਾਂ ਗੋਵਿੰਦ ਮੇਰੇ ਵੱਲ ਵੇਖ ਨੱਕ ਬੁੱਲ੍ਹ ਵੱਟ ਰਿਹਾ ਸੀ। ਅਦਿੱਤੀ ਦੀ ਗੱਲ ਸੁਣ ਉਹ ਬੋਲਿਆ..

"ਹਾਂ ਅਦਿੱਤੀ ਆਹ ਆਪਣੀ ਤਿੰਨਾਂ ਦੀ ਹੀ ਕਹਾਣੀ ਆ। ਮੈਂ ਜਾਣਦਾ ਤੈਨੂੰ ਸਭ ਪਤਾ ਏ। ਤੂੰ ਬਸ ਚੁੱਪ ਰਹਿੰਦੀ ਏ।"

"ਹਾਂ ਗੋਵਿੰਦ ਮੈਨੂੰ ਪਹਿਲੇ ਦਿਨ ਤੋਂ ਪਤਾ ਸੀ ਕਿ ਤੁਸੀਂ ਪ੍ਰੀਤਾ ਨੂੰ ਪਿਆਰ ਕਰਦੇ ਓ। ਤੇ ਉਹ ਵੀ ਤੁਹਾਨੂੰ ਕਰਦੀ ਏ। ਮੈਨੂੰ ਇਹ ਵੀ ਪਤਾ ਕਿ ਤੁਸੀਂ ਹੁਣ ਫੂਨ ਸਪੀਕਰ ਤੇ ਲਾਇਆ ਹੋਇਆ ਏ ਤੇ ਉਹ ਆਪਣੀਆਂ ਗੱਲਾਂ ਸੁਣ ਰਹੀ ਏ। ਇਹ ਵੀ ਪਤਾ ਕਿ ਤੁਸੀਂ ਮੈਨੂੰ ਨਾਂਹ ਕਰਨ ਲਈ ਫੂਨ ਲਾਇਆ। ਫਿਕਰ ਨਾ ਕਰੋ। ਮੈਂ ਸਭ ਜਾਣਦੀ ਹਾਂ।"

ਸੱਚ ਹੀ ਆਖਦੇ ਨੇ ਲੋਕ। ਇੱਕ ਔਰਤ ਦੀਆਂ ਨਜ਼ਰਾਂ ਤੋਂ ਕਦੇ ਕੁਝ ਲੁਕਿਆ ਨਹੀਂ ਰਹਿੰਦਾ। ਔਰਤ ਬਸ ਨਾ ਪਤਾ ਹੋਣ ਦਾ ਦਿਖਾਵਾ ਕਰਦੀ ਏ। ਉਸੇ ਤਰ੍ਹਾਂ ਅਦਿੱਤੀ ਵੀ ਬਸ ਸਾਡੇ ਬਾਰੇ ਕੁਝ ਨਾ ਪਤਾ ਹੋਣ ਦਾ ਦਿਖਾਵਾ ਹੀ ਕਰਦੀ ਰਹੀ। ਪਰ ਅਦਿੱਤੀ ਨੂੰ ਕੀ ਲੋੜ ਸੀ ਇਹ ਸਭ ਕਰਨ ਦੀ ਮੈਨੂੰ ਇਹ ਨਹੀਂ ਸੀ ਸਮਝ ਆ ਰਿਹਾ। ਮੈਂ ਅਜੇ ਸੋਚ ਹੀ ਰਹੀ ਸੀ ਕਿ ਗੋਵਿੰਦ ਬੋਲਿਆ...

"ਅਦਿੱਤੀ ਮੁਆਫ ਕਰਦੇ ਯਾਰ। ਮੈਂ ਤੈਨੂੰ ਸ਼ੁਰੂ ਤੋਂ ਹੀ ਸਭ ਦੱਸਣਾ ਚਾਹੁੰਦਾ ਸੀ। ਪਰ ਹਿੰਮਤ ਨਹੀਂ ਸੀ ਪੈਣ ਡਈ।"

"ਕੋਈ ਨਾ ਗੋਵਿੰਦ ਮੈਨੂੰ ਪਹਿਲਾਂ ਹੀ ਪਤਾ ਸਭ।"

"ਤੂੰ ਦੱਸ ਹੁਣ ਕੀ ਕਰੀਏ?"

"ਜੋ ਤੁਹਾਨੂੰ ਚੰਗਾ ਲੱਗਦਾ ਕਰੋ। ਮੇਰੇ ਵੱਲੋਂ ਨਾ ਡਰ ਰੱਖੋ। ਜੇ ਤੁਸੀਂ ਪਰਨੀਤ ਨਾਲ ਵਿਆਹ ਕਰਵਾਉਣਾ ਤਾਂ ਤੁਹਾਡੀ ਖੁਸ਼ੀ ਆ। ਮੈਂ ਨਹੀਂ ਰੋੜਾ ਬਣਾਗੀ ਤੁਹਾਡੇ ਵਿੱਚ। ਬਾਕੀ ਜੇ ਮੇਰੇ ਨਾਲ ਕਰਵਾਉਣ ਦਾ ਮਨ ਹੈ ਤਾਂ ਮੇਰੀਆਂ ਬਾਹਾਂ ਹਮੇਸ਼ਾ ਤੁਹਾਨੂੰ ਕਲਾਵੇਂ 'ਚ ਭਰਨ ਲਈ ਤਿਆਰ ਨੇ। ਜਦੋਂ ਮਰਜੀ ਆ ਜਾਵੋ। ਕਿਉਂਕਿ ਮੈਨੂੰ ਪਤਾ ਜਿੰਨਾ ਤੁਸੀਂ ਪਰਨੀਤ ਨੂੰ ਪਿਆਰ ਕਰਦੇ ਓਨਾਂ ਹੀ ਮੈਨੂੰ ਕਰਦੇ ਹੋ।"

"ਮੁਆਫ ਕਰਦੀ ਅਦਿੱਤੀ ਯਾਰ।"

"ਓ ਕੋਈ ਨਾ। ਮੈਨੂੰ ਪਤਾ ਤੁਸੀਂ ਬੜੇ ਵਧੀਆ ਇਨਸਾਨ ਹੋ। ਮੈਨੂੰ ਕੋਈ ਫਿਕਰ ਨਹੀਂ। ਤੁਸੀਂ ਆਪਣਾ ਮਨ ਨਾ ਖਰਾਬ ਕਰੋ। ਬਸ ਖੁਸ਼ ਰਹੋ।"

ਉਸਨੇ ਖੁਸ਼ ਰਹੋ ਆਖ ਫੂਨ ਕੱਟ ਦਿੱਤਾ। ਮੈਂ ਸਮਝ ਗਈ ਕਿ ਅਦਿੱਤੀ ਨੇ ਜ਼ਰੂਰ ਗੋਵਿੰਦ ਨੂੰ ਮੇਰੇ ਨਾਲ ਰਿਸ਼ਤਾ ਬਣਾਉਣ ਦੀ ਇਜਾਜ਼ਤ ਦੇ ਦਿੱਤੀ ਸੀ ਪਰ ਉਸਦਾ ਦਿਲ ਟੁੱਟ ਗਿਆ ਸੀ। ਮੈਂ ਵੀ ਇੱਕ ਔਰਤ ਹਾਂ ਤੇ ਇੱਕ ਔਰਤ ਦੇ ਦਿਲ ਨੂੰ ਚੰਗੀ ਤਰ੍ਹਾਂ ਜਾਣਦੀ ਹਾਂ। ਮੇਰੀ ਇੱਕ ਮਾਸੀ ਦੀ ਕੁੜੀ ਪਰਦੀਪ ਅਕਸਰ ਆਖਦੀ ਸੀ ਕਿ ਔਰਤ ਨੂੰ ਅਗਰ ਇੱਕ ਸ਼ਬਦ ਵਿੱਚ ਬਿਆਨ ਕਰਨਾ ਹੋਵੇ ਤਾਂ ਬਲੀਦਾਨ ਸ਼ਬਦ ਤੋਂ ਵੱਧਕੇ ਕੋਈ ਸ਼ਬਦ ਨਹੀਂ। ਹਾਂ ਉਹ ਸੱਚ ਹੀ ਆਖਦੀ ਸੀ। ਅਦਿੱਤੀ ਨੇ ਆਪਣੇ ਪਿਆਰ ਦਾ ਬਲੀਦਾਨ ਕਰ ਇਸ ਸ਼ਬਦ ਦੀ ਲਾਜ ਰੱਖ ਲਈ ਸੀ। ਹਾਂ ਅਦਿੱਤੀ ਨੇ ਤਾਂ ਬਲੀਦਾਨ ਸ਼ਬਦ ਦੀ ਲਾਜ ਰੱਖ ਲਈ। ਪਰ ਮੈਂ ਕੀ ਕੀਤਾ ਫਿਰ? ਬਲੀਦਾਨ ਸ਼ਬਦ ਨੂੰ ਸ਼ਰਮਿੰਦਾ? ਅਦਿੱਤੀ ਤਾਂ ਬਲੀਦਾਨ ਕਰ ਮਹਾਨ ਹੋ ਗਈ। ਤੇ ਮੈਂ ਉਸਦਾ ਹੱਕ ਮਾਰ ਕੀ ਬਣੀ ਫਿਰ?

ਮੈਂ ਮਨ ਹੀ ਮਨ ਵਿਚਾਰ ਕਰ। ਆਪਣੇ ਆਪ ਨੂੰ ਅਦਿੱਤੀ ਤੋਂ ਨੀਵਾਂ ਦੇਖਣ ਲੱਗ ਪਈ। ਜਿਉਂ ਹੀ ਅਦਿੱਤੀ ਨੇ ਫ਼ੂਨ ਕੱਟਿਆ ਤਾਂ ਗੋਵਿੰਦ ਬੋਲਿਆ...

"ਸ਼ੁਕਰ ਆ। ਅਦਿੱਤੀ ਨੂੰ ਕੁਝ ਫਰਕ ਨਹੀਂ ਆਪਣੇ ਰਿਸ਼ਤੇ ਤੋਂ। ਮੈਨੂੰ ਤਾਂ ਡਰ ਸੀ ਕਿਤੇ ਉਹ ਨਰਾਜ਼ ਨਾ ਹੋਵੇ। ਪਰ ਸਭ ਠੀਕ ਰਿਹਾ।"

ਗੋਵਿੰਦ ਕੁਝ ਨਾ ਕੁਝ ਬੋਲੀ ਜਾ ਰਿਹਾ ਸੀ। ਪਰ ਮੇਰਾ ਧਿਆਨ ਗੋਵਿੰਦ ਦੀਆਂ ਗੱਲਾਂ ਵਿੱਚ ਨਹੀਂ ਸਗੋਂ ਅਦਿੱਤੀ ਦੀ ਕੁਰਬਾਨੀ ਵਿੱਚ ਸੀ। ਮੈਂ ਮੰਜੀ ਤੋਂ ਉੱਠੀ ਤੇ ਕੰਬਲ ਖਿੱਚਣ ਲੱਗੀ। ਗੋਵਿੰਦ ਹੈਰਾਨ ਹੋਇਆ ਮੈਨੂੰ ਪੁੱਛਣ ਲੱਗਾ...

"ਪ੍ਰੀਤਾ ਕੀ ਗੱਲ ਹੋਈ? ਕਿੱਥੇ ਚੱਲੀ ਏ? ਹੁਣ ਤਾਂ ਸਭ ਠੀਕ ਏ। ਅਦਿੱਤੀ ਵੀ ਮੰਨ ਗਈ। ਹੁਣ ਤਾਂ ਬਸ ਤੂੰ ਤੇ ਮੈਂ ਹਾਂ।"

"ਮੈਂ ਸਵੇਰੇ ਮਿਲਕੇ ਗੱਲ ਕਰੂ ਗੋਵਿੰਦ ਤੇਰੇ ਨਾਲ। ਹੁਣ ਮੈਂ ਕੋਈ ਗੱਲ ਨਹੀਂ ਕਰਨੀ।"

"ਹੋਇਆ ਕੀ ਯਾਰ?"

"ਕੁਝ ਨਹੀਂ ਤੂੰ ਉੱਠ ਤੇ ਕੰਬਲ ਛੱਡ। ਆਪਾਂ ਸਵੇਰੇ ਗੱਲ ਕਰਾਂਗੇ।"

ਉਹ ਮੈਨੂੰ ਰੋਕਦਾ ਰਿਹਾ। ਪਰ ਮੈਂ ਉਸਦੀ ਇੱਕ ਨਾ ਸੁਣੀ। ਆਪਣਾ ਕੰਬਲ ਚੁੱਕਿਆ ਤੇ ਛੱਤ ਤੋਂ ਹੇਠਾਂ ਆ ਕਮਰੇ ਵਿੱਚ ਆ ਗਈ। ਮੇਰਾ ਧਿਆਨ ਸਿਰਫ ਅਦਿੱਤੀ ਵਿੱਚ ਸੀ। ਪਤਾ ਨਹੀਂ ਕਿਉਂ ਮੇਰੇ ਮਨ ਦੀ ਅੜਚਣ ਵੱਧਦੀ ਜਾ ਰਹੀ ਸੀ। ਹੁਣ ਤਾਂ ਗੋਵਿੰਦ ਬਸ ਮੇਰਾ ਸੀ। ਪਰ ਫਿਰ ਵੀ ਮੇਰੇ ਮਨ ਵਿੱਚ ਟਿਕਾ ਨਹੀਂ ਸੀ। ਮੈਂ ਲੰਮੇ ਪੈ ਗਈ ਤੇ ਬਸ ਸੋਚਦੀ ਰਹੀ। ਸਾਰੀ ਰਾਤ ਸੋਚਦੀ ਰਹੀ। ਮੈਨੂੰ ਇਸ ਗੱਲ ਦੀ ਬਿਲਕੁਲ ਉਮੀਦ ਨਹੀਂ ਸੀ ਕਿ ਗੋਵਿੰਦ ਇੰਝ ਮੇਰੀ ਖਾਤਿਰ ਅਦਿੱਤੀ ਤੋਂ ਪਾਸਾ ਕਰ ਲਵੇਗਾ। ਤੇ ਅਦਿੱਤੀ ਤੋਂ ਵੀ ਇਹ ਉਮੀਦ ਨਹੀਂ ਸੀ ਕਿ ਉਹ ਏਨੀ ਅਸਾਨੀ ਨਾਲ ਗੋਵਿੰਦ ਵਰਗੇ ਹੀਰੇ ਨੂੰ ਛੱਡਣ ਲਈ ਤਿਆਰ ਹੋ ਜਾਵੇਗੀ। ਗੋਵਿੰਦ ਨੇ ਕਈ ਵਾਰ ਮੈਨੂੰ ਫ਼ੂਨ ਲਾਇਆ। ਮੈਸਜ ਵੀ

ਭੇਜੇ ਪਰ ਮੈਂ ਨਾ ਫ਼ੂਨ ਚੁੱਕਿਆ ਤੇ ਨਾ ਹੀ ਕਿਸੇ ਮੈਸਜ ਦਾ ਜੁਆਬ ਦਿੱਤਾ। ਉਸਦੇ ਬਾਰੇ ਸੋਚਦੇ ਕਰੀਬ ਤਿੰਨ ਵੱਜ ਗਏ। ਪਰ ਨੀਂਦ ਨਾ ਆਈ। ਸਾਢੇ ਤਿੰਨ ਵਜੇ ਦੇ ਕਰੀਬ ਮੇਰੀ ਅੱਖ ਲੱਗ ਗਈ।

ਅਸੀਂ ਇਨਸਾਨ ਹਾਂ। ਅਸੀਂ ਇਨਸਾਨ ਤਾਂ ਹਾਂ ਪਰ ਹਰ ਇੱਕ ਦੇ ਅੰਦਰ ਇਨਸਾਨੀਅਤ ਨਹੀਂ ਹੁੰਦੀ। ਹਰ ਕੋਈ ਜਮੀਰ ਦਾ ਪੱਕਾ ਨਹੀਂ ਹੁੰਦਾ। ਜੋ ਜਮੀਰ ਦੇ ਪੱਕੇ ਨੇ ਮੈਂ ਉਨਾਂ ਦੀ ਗੱਲ ਕਰਦਾ। ਜਿਵੇਂ ਕਿ ਪਰਨੀਤ ਉਰਫ ਪ੍ਰੀਤਾ ਆਪਣੇ ਜਮੀਰ ਦੀ ਪੱਕੀ ਏ। ਅਦਿੱਤੀ ਦੇ ਪਿੱਛੇ ਹਟਣ ਨਾਲ ਉਸਦਾ ਰਾਹ ਤਾਂ ਸਾਫ ਹੋ ਗਿਆ ਪਰ ਉਸਦਾ ਜਮੀਰ ਉਸਨੂੰ ਇਹ ਚੀਜ਼ ਨੂੰ ਕਬੂਲ ਕਰਨ ਦੀ ਇਜਾਜ਼ਤ ਨਹੀਂ ਸੀ ਦੇ ਰਿਹਾ। ਉਸਨੂੰ ਤਾਂ ਸਗੋਂ ਖੁਸ਼ ਹੋਣਾ ਚਾਹੀਦਾ ਸੀ ਕਿ ਉਸਦੇ ਤੇ ਗੋਵਿੰਦ ਵਿਚਕਾਰ ਜੋ ਰੋੜਾ ਸੀ ਉਹ ਹੱਟ ਗਿਆ ਪਰ ਉਸਦਾ ਮਨ ਫਿਰ ਵੀ ਉਦਾਸ ਸੀ। ਕਿਉਂ? ਇਸ ਗੱਲ ਦਾ ਜੁਆਬ ਸ਼ਾਇਦ ਹਰ ਇੱਕ ਇਸ ਕਹਾਣੀ ਨੂੰ ਪੜ੍ਹਨ ਵਾਲਾ ਬਾਖੂਬੀ ਸਮਝਦਾ ਹੋਵੇਗਾ। ਖਾਸ ਕਰ ਉਹ ਸਮਝਣਗੇ ਜਿੰਨਾ ਦੇ ਅੰਦਰ ਇਨਸਾਨੀਅਤ ਜਾਗਦੀ ਹੈ। ਪ੍ਰੀਤਾ ਜ਼ਰੂਰ ਗੋਵਿੰਦ ਨੂੰ ਬੇ ਹੱਦ ਪਿਆਰ ਕਰਦੀ ਹੈ ਪਰ ਉਹ ਇੱਕ ਔਰਤ ਹੈ ਤੇ ਕਿਵੇਂ ਕਿਸੇ ਦੂਸਰੀ ਔਰਤ ਦਾ ਹੱਕ ਮਾਰਨ ਲਈ ਤਿਆਰ ਹੋ ਜਾਵੇਗੀ। ਕੀ ਉਹ ਸਵਾਰਥੀ ਬਣੇਗੀ ਜਾਂ ਫਿਰ ਕੁਰਬਾਨੀ ਲਈ ਅਦਿੱਤੀ ਵਾਂਗ ਅੱਗੇ ਕਦਮ ਵਧਾਏਗੀ। ਇਸ ਗੱਲ ਦਾ ਜੁਆਬ ਸਿਰਫ ਪ੍ਰੀਤਾ ਜਾਣਦੀ ਹੈ ਜਾਂ ਫਿਰ ਇਸ ਕਹਾਣੀ ਦਾ ਆਉਣ ਵਾਲਾ ਅਗਲਾ ਤੇ ਆਖਰੀ ਭਾਗ। ਜਿਸ ਵਿੱਚ ਸਾਫ ਹੋ ਜਾਵੇਗਾ ਕਿ ਗੋਵਿੰਦ ਕਿਸਦੀ ਝੋਲੀ ਵਿੱਚ ਡਿੱਗਦਾ ਹੈ? ਗੋਵਿੰਦ ਕਿਵੇਂ ਇਸ ਦੋ ਤਰਫਾ ਪਿਆਰ ਵਿੱਚੋਂ ਖੁਦ ਨੂੰ ਬਾਹਰ ਕੱਢ ਕਿਸੇ ਇਕ ਦਾ ਹੋਵੇਗਾ। ਇਹ ਸਭ ਜਾਣਨ ਲਈ ਕਹਾਣੀ "ਉਮੀਦ ਨਹੀਂ" ਦਾ ਆਉਣ ਵਾਲਾ ਭਾਗ ਜ਼ਰੂਰ ਪੜ੍ਹਨਾ।

**ਪ੍ਰੀਤ ਸਿੰਘ ਭੈਣੀ**

**ਐੱਮ. ਏ. ਪੰਜਾਬੀ.**

**ਦੂਜਾ ਸਾਲ**




KHALSA COLLEGE
SAJRA SAHIT
ਖ਼ਾਲਸਾ ਕਾਲਜ ਸੱਜਰਾ ਸਾਹਿਤ